ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਸ਼ੁੱਕਰਵਾਰ, 5 ਜੁਲਾਈ 2024 (ਨਾਨਕਸ਼ਾਹੀ ਸੰਮਤ : ੫੫੬, ੨੨ ਹਾੜ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243





## ਵਿਸ਼ਵ ਚੈਂਪੀਅਨ ਇੰਡੀਅਨ ਕ੍ਰਿਕਟ ਟੀਮ ਨਾਲ ਪ੍ਰਧਾਨ ਮੰਤਰੀ ਮੋਦੀ ਨੇ ਕੀਤੀ ਮੁਲਾਕਾਤ



**ਨਵੀਂ ਦਿੱਲੀ, 4 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਟੀ-20 ਵਿਸ਼ਵ ਕੱਪ ਜਿੱਤਣ ਤੋਂ ਬਾਅਦ ਬਾਰਬਾਡੋਸ ਤੋਂ ਦਿੱਲੀ ਪਰਤਣ ਵਾਲੀ ਭਾਰਤੀ ਕ੍ਰਿਕਟ ਟੀਮ ਨੇ ਵੀਰਵਾਰ ਯਾਨੀਕਿ ਅੱਜ 4 ਜੁਲਾਈ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ। ਇਸ ਦਾ ਵੀਡੀਓ ਸਾਹਮਣੇ ਆਇਆ ਹੈ। ਵੀਡੀਓ 'ਚ ਦੇਖਿਆ ਜਾ ਰਿਹਾ ਹੈ ਕਿ ਕਪਤਾਨ ਰੋਹਿਤ ਸ਼ਰਮਾ, ਬੱਲੇਬਾਜ਼ ਵਿਰਾਟ ਕੋਹਲੀ, ਆਲਰਾਊਂਡਰ ਹਾਰਦਿਕ ਪਾਂਡਿਆ, ਸੂਰਿਆਕੁਮਾਰ ਯਾਦਵ ਅਤੇ ਰਿਸ਼ਭ ਪੰਤ ਅਤੇ ਕੋਚ ਰਾਹੁਲ ਦ੍ਰਾਵਿੜ ਸਮੇਤ ਸਾਰੇ 15 ਖਿਡਾਰੀਆਂ ਨੇ ਪੀਐੱਮ ਮੋਦੀ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਮੁਲਾਕਾਤ ਕੀਤੀ। ਪ੍ਰਧਾਨ ਮੰਤਰੀ ਮੋਦੀ ਭਾਰਤੀ ਕ੍ਰਿਕਟ ਟੀਮ ਨਾਲ ਗੱਲਬਾਤ ਕਰਦੇ ਹੋਏ ਕਾਫੀ ਖੁਸ਼ ਨਜ਼ਰ ਆ ਰਹੇ ਹਨ। ਇਸ ਦੌਰਾਨ ਪੀਐਮ ਮੋਦੀ ਨੇ ਵਿਸ਼ਵ ਕੱਪ ਦੀ ਟਰਾਫੀ ਵੀ ਆਪਣੇ ਹੱਥਾਂ ਵਿੱਚ ਚੁੱਕੀ। ਦਰਅਸਲ ਪ੍ਰਧਾਨ ਮੰਤਰੀ ਮੋਦੀ ਨੇ ਭਾਰਤੀ ਕ੍ਰਿਕਟ ਟੀਮ ਨੂੰ ਨਾਸ਼ਤੇ ਲਈ ਸੱਦਾ ਦਿੱਤਾ।

# ਦਲ ਖਾਲਸਾ ਦੇ ਬਾਨੀ ਭਾਈ ਗਜਿੰਦਰ ਸਿੰਘ ਲਾਹੌਰ ਦੇ ਹਸਪਤਾਲ 'ਚ ਅਕਾਲ ਚਲਾਣਾ ਕਰ ਗਏ

**ਲਾਹੌਰ, 4 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਦਲ ਖਾਲਸਾ ਦੇ ਬਾਨੀ ਭਾਈ ਗਜਿੰਦਰ ਸਿੰਘ (ਉਮਰ 73 ਸਾਲ) ਅੱਜ ਲਾਹੌਰ ਦੇ ਹਸਪਤਾਲ 'ਚ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਨੂੰ ਕੁਝ ਦਿਨ ਪਹਿਲਾਂ ਦਿਲ ਦਾ ਦੌਰਾ ਪੈਣ ਕਾਰਨ ਇਲਾਜ ਲਈ ਭਰਤੀ ਕੀਤਾ ਗਿਆ ਸੀ। ਸੂਤਰਾਂ ਮੁਤਾਬਕ ਦਿਲ ਦਾ ਦੌਰਾ ਪੈਣ ਤੋਂ ਬਾਅਦ ਭਾਈ ਗਜਿੰਦਰ ਸਿੰਘ ਨੂੰ ਲਾਹੌਰ ਦੇ ਹਸਪਤਾਲ ਵਿੱਚ ਦਾਖਲ ਕੀਤਾ ਸੀ। ਭਾਈ ਗਜਿੰਦਰ ਸਿੰਘ ਜਲਦੀ ਤੰਦਰੁਸਤ ਹੋ ਰਹੇ ਸਨ ਅਚਾਨਕ ਉਨ੍ਹਾਂ ਦੀ ਤਬੀਅਤ ਖਰਾਬ ਹੋਣ ਬਾਅਦ ਹਸਪਤਾਲ ਵਿੱਚ ਉਨ੍ਹਾਂ ਨੂੰ ਬਣਾਉਟੀ ਸਾਹ ਤੇ ਰੱਖਿਆ ਗਿਆ ਸੀ। ਜਿਸ ਤੋਂ ਬਾਅਦ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਜ਼ਿਕਰਯੋਗ ਹੈ ਕਿ ਭਾਈ ਗਜਿੰਦਰ ਸਿੰਘ 29 ਸਤੰਬਰ 1981 ਵਿੱਚ ਦਲ ਖਾਲਸਾ ਦੇ ਮੈਂਬਰਾਂ ਨਾਲ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆ ਦੀ ਗ੍ਰਿਫ਼ਤਾਰੀ ਦੇ ਰੋਸ ਵਿੱਚ ਏਅਰ ਇੰਡਿਆ ਦਾ ਜਹਾਜ਼ ਅਗਵਾ ਕਰਕੇ ਲਾਹੌਰ ਲੈ ਗਏ ਸਨ, ਜਿੱਥੇ ਉਨ੍ਹਾਂ ਅਤੇ ਸਾਥੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। 13 ਸਾਲ 4 ਮਹੀਨੇ ਦੀ ਕੈਦ ਤੋਂ ਬਾਅਦ, ਭਾਈ ਗਜਿੰਦਰ ਸਿੰਘ ਨੇ ਪਾਕਿਸਤਾਨ ਵਿੱਚ ਹੀ ਰਹਿਣ ਦਾ ਮਨ ਬਣਾ ਲਿਆ ਸੀ। ਭਾਈ ਗਜਿੰਦਰ ਸਿੰਘ 1970 ਵਿੱਚ ਡੇਰਾ ਬੱਸੀ ਵਿੱਚ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਜਲਸੇ ਦੌਰਾਨ ਮੂੰਹ 'ਤੇ ਪਰਚੇ ਸੁੱਟਣ ਕਾਰਨ ਪੁਲਸ ਤਸ਼ੱਦਦ ਦਾ ਸ਼ਿਕਾਰ ਹੋਣ ਕਾਰਨ ਚਰਚਾ ਵਿੱਚ ਰਹੇ ਅਤੇ 1975 ਵਿੱਚ "ਪੰਜ ਤੀਰ ਹੋਰ" ਅਤੇ ਭਾਰਤ ਸਰਕਾਰ ਵੱਲੋਂ ਦੇਸ਼ ਵਿਰੋਧੀ ਹੋਣ ਕਾਰਣ ਪਾਬੰਦੀ ਲਾ ਦਿੱਤੀ ਗਈ ਸੀ। 2018 ਵਿੱਚ ਉਨ੍ਹਾਂ ਦੀ ਪਤਨੀ ਮਨਜੀਤ ਕੌਰ ਦੀ ਇਲਾਜ ਅਧੀਨ ਜਰਮਨ ਦੇ ਇੱਕ ਹਸਪਤਾਲ ਵਿੱਚ ਮੌਤ ਹੋ ਗਈ ਸੀ। ਇਸ ਦੌਰਾਨ ਭਾਈ ਰਘਵੀਰ ਸਿੰਘ ਵਾਲਸਾਲ ਐਡੀਟਰ-ਇਨ-ਚੀਫ਼ ਆਵਾਜ਼ਿ-ਕੌਮ ਅੰਤਰ-ਰਾਸ਼ਟਰੀ ਅਖ਼ਬਾਰ ਤੇ ਵੈਬ ਚੈਨਲ ਤੇ ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ, ਯੂ. ਕੇ. ਅਤੇ ਭਾਈ ਕਪਤਾਨ ਸਿੰਘ (ਇੰਗਲੈਂਡ) ਜਨਰਲ ਸਕੱਤਰ ਅਤੇ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ, ਯੂ. ਕੇ. ਨੇ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਵਾਹਿਗੁਰੂ ਜੀ ਅੱਗੇ ਅਰਦਾਸ ਕੀਤੀ ਕਿ ਪ੍ਰਮਾਤਮਾ ਵਿਛੜੀ ਆਤਮਾ ਨੂੰ ਆਪਣੇ ਪਵਿੱਤਰ ਚਰਨਾਂ 'ਚ ਨਿਵਾਸ ਬਖਸ਼ੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।



## ਬ੍ਰਿਟੇਨ 'ਚ ਆਮ ਚੋਣਾਂ ਲਈ ਵੋਟਿੰਗ ਸੰਪੰਨ, ਸੁਨਕ ਨੇ ਪਤਨੀ ਅਕਸ਼ਤਾ ਸਮੇਤ ਪਾਈ ਵੋਟ

**ਲੰਡਨ, 4 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਬ੍ਰਿਟੇਨ ਵਿਚ ਵੀਰਵਾਰ ਨੂੰ ਆਮ ਚੋਣਾਂ ਲਈ ਵੋਟਿੰਗ ਸੰਪੰਨ ਹੋ ਗਈ ਹੈ, ਜਿਸ ਵਿਚ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਅਤੇ ਲੇਬਰ ਪਾਰਟੀ ਤੋਂ ਉਨ੍ਹਾਂ ਦੇ ਵਿਰੋਧੀ ਕੀਰ ਸਟਾਰਮਰ ਸਮੇਤ ਲੱਖਾਂ ਲੋਕਾਂ ਨੇ ਵੋਟਿੰਗ ਕੀਤੀ। ਸੁਨਕ ਅਤੇ ਉਸਦੀ ਪਤਨੀ ਅਕਸ਼ਤਾ ਮੂਰਤੀ ਉੱਤਰੀ ਇੰਗਲੈਂਡ ਦੇ ਯੌਰਕਸ਼ਾਇਰ ਵਿੱਚ ਰਿਚਮੰਡ ਅਤੇ ਨੌਰਥਲਰਟਨ ਦੇ ਆਪਣੇ ਹਲਕੇ ਵਿੱਚ ਇੱਕ ਸਥਾਨਕ ਪੋਲਿੰਗ ਸਟੇਸ਼ਨ 'ਤੇ ਪਹੁੰਚੇ। ਥੋੜ੍ਹੇ ਸਮੇਂ ਬਾਅਦ ਸਟਾਰਮਰ ਅਤੇ ਉਸਦੀ ਪਤਨੀ ਵਿਕਟੋਰੀਆ ਲਾਲ ਕੱਪੜੇ ਪਹਿਨ ਕੇ ਉੱਤਰੀ ਲੰਡਨ ਦੇ ਕੈਮਡੇਨ ਵਿੱਚ ਆਪਣੇ ਪੋਲਿੰਗ ਸਟੇਸ਼ਨ ਪਹੁੰਚੇ। ਪ੍ਰਧਾਨ ਮੰਤਰੀ ਅਤੇ ਕੰਜ਼ਰਵੇਟਿਵ ਪਾਰਟੀ ਦੇ ਨੇਤਾ ਰਿਸ਼ੀ ਸੁਨਕ (44) ਦਾ ਸਿਆਸੀ ਭਵਿੱਖ ਇਸ ਚੋਣ 'ਚ ਤੈਅ ਹੋਵੇਗਾ। ਸੁਨਕ ਦਾ ਮੁੱਖ ਮੁਕਾਬਲਾ ਲੇਬਰ ਪਾਰਟੀ ਦੇ ਕੇਇਰ ਸਟਾਰਮਰ ਨਾਲ ਹੈ। ਇੰਗਲੈਂਡ, ਸਕਾਟਲੈਂਡ, ਵੇਲਜ਼ ਅਤੇ ਉੱਤਰੀ ਆਇਰਲੈਂਡ ਦੇ 650 ਹਲਕਿਆਂ ਲਈ ਉਮੀਦਵਾਰ ਖੜ੍ਹੇ ਹਨ। ਦੋ ਮੁੱਖ ਪਾਰਟੀਆਂ ਤੋਂ ਇਲਾਵਾ ਲਿਬਰਲ ਡੈਮੋਕਰੇਟਸ, ਗ੍ਰੀਨ ਪਾਰਟੀ, ਸਕਾਟਿਸ਼ ਨੈਸ਼ਨਲ ਪਾਰਟੀ (ਐਸ.ਐਨ.ਪੀ), ਐਸ.ਡੀ.ਐਲ.ਪੀ, ਡੈਮੋਕਰੇਟਿਕ ਯੂਨੀਅਨਿਸਟ ਪਾਰਟੀ (ਡੀ.ਯੂ.ਪੀ), ਸਿਨ ਫੇਨ, ਪਲੇਡ ਸਾਈਮਰੂ, ਰਿਫਾਰਮ ਪਾਰਟੀ ਨੇ ਵੀ ਆਪਣੇ ਉਮੀਦਵਾਰ ਖੜ੍ਹੇ ਕੀਤੇ ਹਨ। ਕਈ ਆਜ਼ਾਦ ਉਮੀਦਵਾਰ ਵੀ ਚੋਣ ਮੈਦਾਨ ਵਿੱਚ ਹਨ। ਦੇਸ਼ ਭਰ ਵਿੱਚ ਬਣਾਏ ਗਏ ਕਰੀਬ 40,000 ਪੋਲਿੰਗ ਸਟੇਸ਼ਨ ਸਥਾਨਕ ਸਮੇਂ ਅਨੁਸਾਰ ਸਵੇਰੇ 7 ਵਜੇ ਖੁੱਲ੍ਹ ਗਏ, ਜਿਸ ਵਿੱਚ ਕਰੀਬ 4 ਕਰੋੜ 60 ਲੱਖ ਵੋਟਰ ਆਪਣੀ ਪਸੰਦ ਦੇ ਉਮੀਦਵਾਰ ਦੀ ਚੋਣ ਲਈ ਵੋਟਿੰਗ ਕੀਤੀ। ਵੋਟਿੰਗ ਸਥਾਨਕ ਸਮੇਂ ਅਨੁਸਾਰ ਰਾਤ 10 ਵਜੇ ਖਤਮ ਹੋ ਗਈ, ਜਿਸ ਤੋਂ ਬਾਅਦ ਚੋਣ ਸਰਵੇਖਣ ਆਉਣੇ ਸ਼ੁਰੂ ਹੋ ਗਏ। ਦੇਸ਼ ਵਿੱਚ 2019 ਦੀਆਂ ਆਮ ਚੋਣਾਂ ਵਿੱਚ ਕੰਜ਼ਰਵੇਟਿਵ ਪਾਰਟੀ ਨੇ 365 ਸੀਟਾਂ ਜਿੱਤੀਆਂ ਸਨ ਜਦਕਿ ਲੇਬਰ ਪਾਰਟੀ ਨੇ 202 ਸੀਟਾਂ ਜਿੱਤੀਆਂ ਸਨ।

## ਸ਼ੀਤਲ ਅੰਗੁਰਾਲ ਦੀ 'ਪੈੱਨ ਡਰਾਈਵ' ਕਰੇਗੀ ਧਮਾਕਾ? ਵਿਧਾਇਕ ਦੀ ਰਿਕਾਡਿੰਗ ਲਿਆਏਗੀ ਸਿਆਸੀ ਭੂਚਾਲ!

**ਜਲੰਧਰ, 4 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਮੁੱਖ ਮੰਤਰੀ ਭਗਵੰਤ ਮਾਨ ਦੀ ਚੁਣੌਤੀ ਨੂੰ ਸਵੀਕਾਰ ਕਰਦੇ ਹੋਏ ਜਲੰਧਰ ਦੇ ਜਗਜੀਵਨ ਰਾਮ ਚੌਂਕ 'ਚ ਪਹੁੰਚੇ ਭਾਜਪਾ ਉਮੀਦਵਾਰ ਸ਼ੀਤਲ ਅੰਗੁਰਾਲ ਨੇ ਪੈੱਨ ਡਰਾਈਵ ਦਿਖਾਉਂਦੇ ਹੋਏ ਆਮ ਆਦਮੀ ਪਾਰਟੀ ਦੇ ਵਿਧਾਇਕਾਂ 'ਤੇ ਗੰਭੀਰ ਦੋਸ਼ ਲਾਏ। ਸ਼ੀਤਲ ਅੰਗੁਰਾਲ ਨੇ ਸਭ ਤੋਂ ਪਹਿਲਾਂ ਆਪਣੀ ਤੇ ਮੁੱਖ ਮੰਤਰੀ ਭਗਵੰਤ ਮਾਨ ਲਈ ਕੁਰਸੀ ਸਟੇਜ 'ਤੇ ਰੱਖੀ। ਕੁਝ ਸਮਾਂ ਉਡੀਕਣ ਮਗਰੋਂ ਦੁਪਹਿਰ ਕਰੀਬ 2:45 ਵਜੇ ਅੰਗੁਰਾਲ ਨੇ ਲੋਕਾਂ ਨੂੰ ਸੰਬੋਧਨ ਕੀਤਾ ਤੇ ਪੈਨ ਡਰਾਈਵ ਵਿੱਚ ਰਿਕਾਰਡ ਆਡੀਓ ਬਾਰੇ ਜਾਣਕਾਰੀ ਦਿੱਤੀ। ਸ਼ੀਤਲ ਅੰਗੁਰਾਲ ਨੇ ਕਿਹਾ ਕਿ ਮੁੱਖ ਮੰਤਰੀ ਸਾਹਿਬ ਤੁਸੀਂ ਸਿਰਫ਼ ਵੋਟ ਦੀ ਖ਼ਾਤਰ ਮੇਰੇ ਤੇ ਮੇਰੇ ਸਮਰਥਕਾਂ 'ਤੇ ਝੂਠੇ ਇਲਜ਼ਾਮ ਲਾ ਰਹੇ ਹੋ। ਤੁਸੀਂ ਮੇਰੇ ਪਰਿਵਾਰ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੇ ਹੋ। ਤੁਸੀਂ ਆਪਣੇ ਬਾਰੇ ਨਹੀਂ ਬੋਲ ਰਹੇ ਕਿ ਜਲੰਧਰ ਵਿੱਚ ਜਿਨ੍ਹਾਂ ਲੋਕਾਂ ਨੂੰ ਬਿਠਾਇਆ ਹੈ, ਉਹ ਲੋਕਾਂ ਨੂੰ ਲੁੱਟ ਰਹੇ ਹਨ। ਇਹ ਮੇਰਾ ਨਿੱਜੀ ਮਾਮਲਾ ਨਹੀਂ। ਉਨ੍ਹਾਂ ਨੇ ਕਿਹਾ ਕਿ ਜਲੰਧਰ ਤੋਂ 'ਆਪ' ਵਿਧਾਇਕ ਦੀ ਰਿਕਾਰਡਿੰਗ ਮੇਰੇ ਕੋਲ ਹੈ। ਉਹ ਬਹੁਤ ਅਹਿਮ ਸਬੂਤ ਹੈ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੱਸਣ ਕਿ ਉਨ੍ਹਾਂ ਦੀ ਭੈਣ ਜੀ ਸਿਰਫ਼ ਇੱਕ ਵਿਧਾਇਕ ਦੇ ਘਰ ਹੀ ਕਿਉਂ ਆਉਂਦੀ ਹੈ। ਉਹ ਦੂਜੇ ਵਰਕਰਾਂ ਦੇ ਘਰ ਕਿਉਂ ਨਹੀਂ ਜਾਂਦੀ, ਕਿਉਂਕਿ ਉਹ ਗਰੀਬ ਹਨ। ਸ਼ੀਤਲ ਅੰਗੁਰਾਲ ਨੇ ਕਿਹਾ ਕਿ ਕੱਲ੍ਹ ਤੁਸੀਂ ਇਹ ਗੱਲ ਨਹੀਂ ਕਬੂਲੀ ਕਿ ਜੇਕਰ ਸ਼ੀਤਲ ਅੰਗੁਰਾਲ ਕੋਈ ਸਬੂਤ ਲੈ ਕੇ ਆਏ ਤਾਂ ਅਸੀਂ ਉਸ 'ਤੇ ਕਾਰਵਾਈ ਕਰਾਂਗੇ। ਕੱਲ੍ਹ ਤੁਹਾਡੇ ਚਿਹਰੇ 'ਤੇ ਬੁਖਲਾਹਟ ਸਾਫ਼ ਦਿਖਾਈ ਦੇ ਰਹੀ ਸੀ ਕਿ 10 ਜੁਲਾਈ ਨੂੰ ਜਨਤਾ ਨੇ ਕੀ ਫੈਸਲਾ ਲੈਣਾ ਹੈ। ਉਨ੍ਹਾਂ ਨੇ ਕਿਹਾ ਕਿ ਮੈਂ ਚੁਣੌਤੀ ਸਵੀਕਾਰ ਕਰ ਲਈ ਹੈ। ਮੈਂ ਮੁੱਖ ਮੰਤਰੀ ਨੂੰ ਕਿਹਾ ਸੀ ਕਿ 2 ਵਜੇ ਕੁਰਸੀ 'ਤੇ ਸਬੂਤ ਰੱਖ ਕੇ ਇੰਤਜ਼ਾਰ ਕਰਾਂਗਾ। ਤੁਸੀਂ ਨਹੀਂ ਆਏ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਪੰਜਾਬ ਦੇ ਮਾਫੀਆ ਨੂੰ ਮੁੱਖ ਮੰਤਰੀ ਦੀ ਹਮਾਇਤ ਹਾਸਲ ਹੈ। ਆਡੀਓ ਵਿੱਚ ਵਿਧਾਇਕ ਕਹਿ ਰਹੇ ਹਨ ਕਿ ਉਹ ਕਮਾਈ ਆਪਣੇ ਪਰਿਵਾਰ ਨੂੰ ਦੇ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਲੋਕ ਜਾਣਨਾ ਚਾਹੁੰਦੇ ਹਨ ਕਿ ਤੁਸੀਂ ਇਸ ਆਡੀਓ 'ਤੇ ਕੀ ਕਾਰਵਾਈ ਕਰੋਗੇ। ਜਲੰਧਰ ਦੇ ਲੋਕ ਪੁੱਛ ਰਹੇ ਹਨ ਕਿ ਤੁਸੀਂ ਚੋਰਾਂ ਦੇ ਨਾਲ ਹੋ। ਮੈਂ ਇਹ ਤੋਹਫ਼ਾ (ਪੈਨ ਡਰਾਈਵ) ਮੁੱਖ ਮੰਤਰੀ ਤੱਕ ਪਹੁੰਚਾਵਾਂਗਾ। ਮੈਂ ਆਉਣ ਲਈ ਤਿਆਰ ਹਾਂ ਤੇ ਇਹ ਜਾਣਨ ਲਈ ਕਿ ਇਹ ਆਡੀਓ ਕਿੱਥੇ ਦੇਣੀ ਹੈ। ਅੰਗੁਰਾਲ ਨੇ ਭਾਜਪਾ ਦੇ ਸੀਨੀਅਰ ਆਗੂਆਂ ਤੋਂ ਮੰਗ ਕੀਤੀ ਕਿ ਇਸ ਆਡੀਓ ਦੀ ਸੀਨੀਅਰ ਅਧਿਕਾਰੀਆਂ ਤੋਂ ਜਾਂਚ ਕਰਵਾਈ ਜਾਵੇ। ਇਸ ਤੋਂ ਪਹਿਲਾਂ ਵੀ ਕਈ ਆਡੀਓਜ਼ ਆਏ ਸਨ ਪਰ ਕੋਈ ਕਾਰਵਾਈ ਨਹੀਂ ਹੋਈ। ਪੈਨ ਡਰਾਈਵ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਜੇਕਰ ਇਨ੍ਹਾਂ ਖਿਲਾਫ ਕੋਈ ਕਾਰਵਾਈ ਨਾ ਕੀਤੀ ਗਈ ਤਾਂ ਪੰਜਾਬ ਨੂੰ ਲੁੱਟਿਆ ਜਾਵੇਗਾ। ਅੰਗੁਰਾਲ ਨੇ ਦੱਸਿਆ ਕਿ ਉਨ੍ਹਾਂ ਨੂੰ ਡਰਾਉਣ ਤੇ ਮਾਰਨ ਲਈ ਕਈ ਗੇਮਾਂ ਰਚੀਆਂ ਜਾ ਰਹੀਆਂ ਹਨ। ਉਨ੍ਹਾਂ ਨੇ ਡੀਜੀਪੀ ਸਾਹਿਬ ਨੂੰ ਮੇਲ ਕੀਤੀ ਹੈ ਕਿ ਉਨ੍ਹਾਂ ਨੂੰ ਪਾਕਿਸਤਾਨ ਤੋਂ ਧਮਕੀਆਂ ਮਿਲ ਰਹੀਆਂ ਹਨ। ਪਰਿਵਾਰ ਤੇ ਬੱਚਿਆਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ। ਦੋ ਦਿਨ ਪਹਿਲਾਂ 2.20 ਵਜੇ ਕਾਲ ਆਈ। ਫੋਨ ਕਰਨ ਵਾਲੇ ਨੇ ਕਿਹਾ ਕਿ ਜੇਕਰ ਰਿਕਾਰਡਿੰਗ ਜਾਰੀ ਕੀਤੀ ਗਈ ਤਾਂ ਬੱਚਿਆਂ ਨੂੰ ਮਾਰ ਦਿੱਤਾ ਜਾਵੇਗਾ।



## ਅੰਮ੍ਰਿਤਪਾਲ ਸਿੰਘ ਦੀ ਪੈਰੋਲ 'ਤੇ ਲਾ ਦਿੱਤੀਆਂ 10 ਸ਼ਰਤਾਂ! ਸਰਕਾਰ ਨੇ ਕੀਤੀ ਪੂਰੀ ਪਲਾਨਿੰਗ

**ਨਵੀਂ ਦਿੱਲੀ, 4 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਖਡੂਰ ਸਾਹਿਬ ਤੋਂ ਲੋਕ ਸਭਾ ਚੋਣਾਂ ਜਿੱਤਣ ਵਾਲੇ ਖਾਲਿਸਤਾਨ ਸਮਰਥਕ ਅੰਮ੍ਰਿਤਪਾਲ ਸਿੰਘ ਜਲਦੀ ਹੀ ਸੰਸਦ ਮੈਂਬਰ ਵਜੋਂ ਸਹੁੰ ਚੁੱਕਣਗੇ। ਇਸ ਲਈ ਅੰਮ੍ਰਿਤਪਾਲ ਸਿੰਘ ਨੂੰ ਸ਼ੁੱਕਰਵਾਰ (5 ਜੁਲਾਈ) ਤੋਂ 4 ਦਿਨ ਜਾਂ ਇਸ ਤੋਂ ਘੱਟ ਦੀ ਪੈਰੋਲ ਮਿਲੀ ਹੈ। ਹਾਲਾਂਕਿ ਇਨ੍ਹਾਂ 4 ਦਿਨਾਂ ਦੌਰਾਨ ਉਹ ਨਾ ਤਾਂ ਰਈਆ ਸਥਿਤ ਆਪਣੇ ਘਰ ਆ ਸਕਣਗੇ ਤੇ ਨਾ ਹੀ ਆਪਣੇ ਲੋਕ ਸਭਾ ਹਲਕੇ ਤੇ ਨਾ ਹੀ ਪੰਜਾਬ ਜਾ ਸਕਣਗੇ। ਉਨ੍ਹਾਂ ਨੂੰ ਇਹ ਪੈਰੋਲ ਕੁਝ ਸ਼ਰਤਾਂ ਤਹਿਤ ਦਿੱਤੀ ਗਈ ਹੈ। ਦਰਅਸਲ, ਕੱਲ੍ਹ ਯਾਨੀ ਸ਼ੁੱਕਰਵਾਰ ਤੋਂ ਅੰਮ੍ਰਿਤਪਾਲ ਸਿੰਘ ਦੀ ਪੈਰੋਲ 10 ਸ਼ਰਤਾਂ 'ਤੇ ਸ਼ੁਰੂ ਹੋ ਰਹੀ ਹੈ। ਇਹ ਸੂਚਨਾ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਦੇ ਸੁਪਰਡੈਂਟ ਨੂੰ ਭੇਜੀ ਗਈ ਹੈ ਤੇ ਉਨ੍ਹਾਂ ਰਾਹੀਂ ਇਹ ਜਾਣਕਾਰੀ ਅੰਮ੍ਰਿਤਪਾਲ ਨੂੰ ਦਿੱਤੀ ਗਈ ਹੈ। ਇਨ੍ਹਾਂ ਸ਼ਰਤਾਂ ਮੁਤਾਬਕ ਉਹ ਦਿੱਲੀ 'ਚ ਹੀ ਰਹਿਣਗੇ। ਉਨ੍ਹਾਂ ਦਾ ਰਾਤ ਦਾ ਠਹਿਰਾਅ ਵੀ ਦਿੱਲੀ 'ਚ ਹੀ ਹੋਵੇਗਾ।

**ਅੰਮ੍ਰਿਤਪਾਲ ਸਿੰਘ ਦੀ ਪੈਰੋਲ ਦੀਆਂ ਸ਼ਰਤਾਂ...**

ਕੇਂਦਰੀ ਜੇਲ੍ਹ ਡਿਬਰੂਗੜ੍ਹ ਤੋਂ ਉਨ੍ਹਾਂ ਦੀ ਆਰਜ਼ੀ ਰਿਹਾਈ ਦੀ ਮਿਤੀ ਤੇ ਸਮੇਂ ਤੋਂ ਲੈ ਕੇ ਕੇਂਦਰੀ ਜੇਲ੍ਹ ਡਿਬਰੂਗੜ੍ਹ ਵਿੱਚ ਵਾਪਸ ਆਉਣ ਤੱਕ, ਅੰਮ੍ਰਿਤਪਾਲ ਸਿੰਘ ਦੇ ਨਾਲ ਐਸਐਸਪੀ ਅੰਮ੍ਰਿਤਸਰ (ਦਿਹਾਤੀ) ਸਤਿੰਦਰ ਸਿੰਘ ਵੱਲੋਂ ਉਚਿਤ ਸਮਝੀ ਜਾਣ ਵਾਲੀ ਗਿਣਤੀ ਵਿੱਚ ਪੁਲਿਸ ਮੁਲਾਜ਼ਮ ਹੋਣਗੇ, ਤਾਂ ਜੋ ਹਿਰਾਸਤ ਦੀ ਮਿਆਦ ਨੂੰ ਬਰਕਰਾਰ ਰੱਖਿਆ ਜਾ ਸਕੇ।

ਅੰਮ੍ਰਿਤਪਾਲ ਸਿੰਘ ਜਿਸ ਸਮੇਂ ਤੱਕ ਸੰਸਦ ਕੰਪਲੈਕਸ ਵਿੱਚ ਮੌਜੂਦ ਰਹਿਣਗੇ, ਉਸ ਸਮੇਂ ਤੱਕ ਉਨ੍ਹਾਂ ਨਾਲ ਓਨੀ ਗਿਣਤੀ ਵਿੱਚ ਪੁਲਿਸ ਕਰਮਚਾਰੀ ਜਾਂ ਹੋਰ ਸੁਰੱਖਿਆ ਕਰਮਚਾਰੀ ਹੋਣਗੇ, ਜਿੰਨੀ ਲੋਕ ਸਭਾ ਦੇ ਸਕੱਤਰ ਜਨਰਲ ਦੁਆਰਾ ਆਗਿਆ ਦਿੱਤੀ ਗਈ ਹੈ।

ਅਸਥਾਈ ਰਿਹਾਈ ਦੇ ਸਮੇਂ ਦੌਰਾਨ ਉਹ ਨਵੀਂ ਦਿੱਲੀ ਤੋਂ ਇਲਾਵਾ ਕਿਸੇ ਹੋਰ ਸਥਾਨ ਦੇ ਖੇਤਰੀ ਅਧਿਕਾਰ ਖੇਤਰ ਵਿੱਚ ਦਾਖਲ ਨਹੀਂ ਹੋਣਗੇ।

ਅਸਥਾਈ ਰਿਹਾਈ ਦੀ ਮਿਆਦ ਵਿੱਚ ਕੇਂਦਰੀ ਜੇਲ੍ਹ ਡਿਬਰੂਗੜ੍ਹ ਤੋਂ ਨਵੀਂ ਦਿੱਲੀ ਤੇ ਵਾਪਸ ਯਾਤਰਾ ਵਿੱਚ ਬਿਤਾਇਆ ਸਮਾਂ ਸ਼ਾਮਲ ਹੋਵੇਗਾ।

ਉਸ ਸਮੇਂ ਲਈ ਜਦੋਂ ਅੰਮ੍ਰਿਤਪਾਲ ਨੂੰ ਪਾਰਲੀਮੈਂਟ ਕੰਪਲੈਕਸ ਵਿੱਚ ਰਹਿਣ ਦੀ ਲੋੜ ਨਹੀਂ, ਐਸਐਸਪੀ ਅੰਮ੍ਰਿਤਸਰ (ਦਿਹਾਤੀ) ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਨਵੀਂ ਦਿੱਲੀ ਵਿੱਚ ਕਿਸੇ ਢੁਕਵੀਂ ਥਾਂ 'ਤੇ ਰੱਖ ਸਕਦੇ ਹਨ।

ਪੰਜਾਬ ਬੰਦੀ (ਹਿਰਾਸਤ ਦੀਆਂ ਸ਼ਰਤਾਂ) ਆਰਡਰ, 1981 ਦੀ ਧਾਰਾ 2 (ਸੀ) ਤਹਿਤ ਪਰਿਭਾਸ਼ਿਤ ਕੀਤੇ ਅਨੁਸਾਰ ਅੰਮ੍ਰਿਤਪਾਲ ਸਿੰਘ ਨੂੰ ਇਸ ਸਮੇਂ ਦੌਰਾਨ ਦਿੱਲੀ ਵਿੱਚ ਹੀ ਰਿਸ਼ਤੇਦਾਰਾਂ ਨੂੰ ਮਿਲਣ ਦੀ ਇਜਾਜ਼ਤ ਦਿੱਤੀ ਜਾਵੇਗੀ।


ਅੰਮ੍ਰਿਤਪਾਲ ਸਿੰਘ ਰਾਸ਼ਟਰੀ ਸੁਰੱਖਿਆ ਨੂੰ ਨੁਕਸਾਨ ਪਹੁੰਚਾਉਣ ਵਾਲੀ ਕੋਈ ਵੀ ਕਾਰਵਾਈ ਜਾਂ ਬਿਆਨ ਨਹੀਂ ਦੇਵੇਗਾ।

ਅੰਮ੍ਰਿਤਪਾਲ ਜਾਂ ਉਨ੍ਹਾਂ ਦੇ ਕਿਸੇ ਵੀ ਰਿਸ਼ਤੇਦਾਰ ਨੂੰ ਉਨ੍ਹਾਂ ਦੇ ਬਿਆਨ ਦੀ ਵੀਡੀਓ ਟੇਪ ਕਰਨ ਤੇ ਇਲੈਕਟ੍ਰਾਨਿਕ ਤਰੀਕੇ ਨਾਲ ਪ੍ਰਸਾਰਿਤ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।


ਅੰਮ੍ਰਿਤਪਾਲ ਸਿੰਘ ਦੀ ਦਿੱਲੀ ਵਿੱਚ ਸਥਾਨਕ ਯਾਤਰਾ ਸਮੇਤ ਯਾਤਰਾ ਤੇ ਬੋਰਡਿੰਗ/ਰਿਹਾਇਸ਼ ਦੇ ਖਰਚੇ ਡੀਜੀਪੀ ਪੰਜਾਬ ਕੋਲ ਉਪਲਬਧ ਵਿਭਾਗੀ ਬਜਟ ਵਿੱਚੋਂ ਵਸੂਲ ਕੀਤੇ ਜਾਣਗੇ। ਐਸਐਸਪੀ ਅੰਮ੍ਰਿਤਸਰ (ਦਿਹਾਤੀ) ਅੰਮ੍ਰਿਤਪਾਲ ਸਿੰਘ ਦੀ ਆਰਜ਼ੀ ਰਿਹਾਈ ਦੀਆਂ ਉਪਰੋਕਤ ਸ਼ਰਤਾਂ ਦੀ ਸੁਚਾਰੂ ਪਾਲਣਾ ਲਈ ਜਨਰਲ ਸਕੱਤਰ ਲੋਕ ਸਭਾ ਨਾਲ ਤਾਲਮੇਲ ਕਰਨਗੇ। ਦਿੱਲੀ ਪਹੁੰਚਣ ਦੇ ਰੂਟ ਨੂੰ ਗੁਪਤ ਰੱਖਿਆ ਜਾਵੇਗਾ।

ਅੰਮ੍ਰਿਤਪਾਲ ਸਿੰਘ ਨੂੰ ਦਿੱਲੀ ਕਿਵੇਂ ਲਿਆਂਦਾ ਜਾਵੇਗਾ, ਇਸ ਨੂੰ ਗੁਪਤ ਰੱਖਿਆ ਗਿਆ ਹੈ। ਏਡੀਸੀ ਗੁਰਸਿਮਰਨਜੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਨੂੰ ਦਿੱਲੀ ਤੇ ਸਹੁੰ ਚੁੱਕਣ ਲਈ ਹੀ ਪੈਰੋਲ ਦਿੱਤੀ ਗਈ ਹੈ। ਪੁਲਿਸ ਪ੍ਰਸ਼ਾਸਨ ਤੈਅ ਕਰੇਗਾ ਕਿ ਉਨ੍ਹਾਂ ਨੂੰ ਦਿੱਲੀ ਕਿਵੇਂ ਲਿਜਾਇਆ ਜਾਵੇਗਾ। ਇਸ ਦੇ ਨਾਲ ਹੀ ਸੁਰੱਖਿਆ ਦੇ ਮੱਦੇਨਜ਼ਰ ਪੁਲਿਸ ਪ੍ਰਸ਼ਾਸਨ ਨੇ ਇਹ ਗੱਲ ਗੁਪਤ ਰੱਖੀ ਹੋਈ ਹੈ ਕਿ ਅੰਮ੍ਰਿਤਪਾਲ ਸਿੰਘ ਨੂੰ ਹਵਾਈ, ਰੇਲ ਜਾਂ ਸੜਕ ਰਾਹੀਂ ਦਿੱਲੀ ਲਿਆਂਦਾ ਜਾ ਰਿਹਾ ਹੈ।




Nankana Sahib Yatra Committe Uk
pakistan gurdwara yatra
6th november to 16th november 2024 yatra includes 25+ gurudwara sahib darshan .Accommodation in hotels and travel within pakistan and yatra start to finish point in AC coaches
ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ
£1095
Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.
Note: It does not include flight ticket and insurance, it has to be done by the passenger himself.
ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।
ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।
*-- ਗੁਰੂ ਪੰਥ ਦੇ ਸੇਵਾਦਾਰ --*
ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK
• ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
+447976210161
• ਭਾਈ ਬਲਜੀਤ ਸਿਘ ਕੰਗ/Bhai Baljit Singh Kang
+44 7780 605230
• ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
+44 7568 517223

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net



ਦਮਦਮੀ ਟਕਸਾਲ
ਜਥਾ ਭਿੰਡਰਾਂ (ਮਹਿਤਾ)
www.damdamitaksal.net

ਨਾਮ ਜਪੋ
ਕਿਰਤ ਕਰੋ
ਵੰਡ ਛਕੋ

Naam Japo
Kirat Karo
Vand Shako

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243




ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

-ਸੰਪਾਦਕ


24 SERVICE EVERYDAY HOURS
PURE AND NATURAL 100% VEGETARIAN
Enjoy Real Taste of PUNJAB
KD
FULLY A.C. HALL
**Khehra VAISHNO DHABA**
BREAKFAST
LUNCH
DINNER
OUR SPECIALIZATION : Au Important Ingredients used to Prepare Dishes are Grown in our own farmes.

- Soup
- Burger
- Sandwich
- Pizza
- Grilled Breads
- Continental Fast Food
- Tandoori Snacks
- Tandoori Breads
- Biryani Khas
- Beverages
- Shakes
- Desserts
- Punjabi Snacks
- South Indian
- Kathi Roll
- Pasta
- Chines Food
- Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment



# ਪੰਜਾਬੀ
## ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਸ਼ | ਖ਼ | ਗ਼ | ਜ਼ | ਫ਼ | ਲ਼ |

Love Maa Boli Punjabi

www.damdamitaksal.net

ਮੁਕਤਾ, ਾ ਕੰਨਾ, ਿ ਸਿਹਾਰੀ, ੀ ਬਿਹਾਰੀ
ੁ ਔਂਕੜ, ੂ ਦੁਲੈਂਕੜ, ੇ ਲਾਂ, ੈ ਦੁਲਾਵਾਂ
ੋ ਹੋੜਾ, ੌ ਕਨੌੜਾ, ੰ ਟਿੱਪੀ, ਾਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net
Learn Speak Read Write
PUNJABI



ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸਲਾਨਾ ਜੋੜ ਮੇਲਾ
ਜਥੇਦਾਰ ਬਾਬਾ ਖੜਕ ਸਿੰਘ ਨਿਹੰਗ ਸਿੰਘ ਜੀ
ਧੰਨ-ਧੰਨ ਮਾਤਾ ਸਾਹਿਬ ਕੌਰ ਜੀ
ਗੁਰਮਤਿ ਸਮਾਗਮ
3 ਨਵੰਬਰ 2024 ਦਿਨ ਐਤਵਾਰ ਨੂੰ
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ
ਗੁਰਦੁਆਰਾ ਸ਼ਹੀਦਾਂ, ਜੱਸੋਵਾਲ
(ਬੱਬਰਾਂ ਦਾ ਹਾਈਕੋਰਟ)
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਪ੍ਰਧਾਨ ਭਾਈ ਲਾਲੋ ਜੀ ਸੰਤ ਸਮਾਜ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਸੰਪਰਕ ਨੰਬਰ
98141-27470




ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
✚ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜ਼ਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446




ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੂ ਕੋਟਿ ਪੈਂਡਾ ਆਗੇ ਹੋਏ ਲੇਤ ਹੈ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 6 ਨਵੰਬਰ 2024 ਤੋਂ 16 ਨਵੰਬਰ 2024 ਤੱਕ ਹੋਵੇਗੀ



**ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ**

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1095**

Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.

Note: It does not include flight ticket and insurance, it has to be done by the passenger himself.

ਜ਼ਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ। ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

- ☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।
- ☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।

**BOOK YOUR SEATS NOW**

★-- ਗੁਰੂ ਪੰਥ ਦੇ ਸੇਵਾਦਾਰ --★

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿੰਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

Website : www.nsycuk.com
E-mail : gnstuk@hotmail.com

ਆਵਾਜ਼ਿ ਕੌਮ AWAZE QAUM International Newspaper & WEB TV


HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All
CATEGORIES OF
MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ਿ ਕੌਮ AWAZE QAUM
International Newspaper & WEB TV
CALL US TO BOOK YOUR CSCS LEVEL ONE COURSE.
07715 1-28621





KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।






**www.khalsaforge.com**



ਸ੍ਰੀ ਅਕਾਲ ਤਖਤ ਸਾਹਿਬ (ਸ੍ਰੀ ਹਰਿਮੰਦਰ ਸਾਹਿਬ) ਉੱਤੇ ਹਿੰਦੁਸਤਾਨੀ ਹਕੂਮਤ ਵਲੋ ੪੦ ਸਾਲ ਪਹਿਲਾਂ ਹੋਏ ਹਮਲੇ ਅਤੇ ਜੂਨ ੧੯੮੪ ਦੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿੱਚ
ਸ਼ਹੀਦੀ ਸਮਾਗਮ
ਗੁਰੂ ਨਾਨਕ ਗੁਰਦੁਆਰਾ ਵੁਲਵਰਹੈਂਪਟਨ
(ਸੈਜਲੀ ਸਟਰੀਟ), WV2 3AJ ਵਿਖੇ
ਸਨਿਚਰਵਾਰ ੬ ਜੁਲਾਈ ਅਤੇ ਐਤਵਾਰ ੭ ਜੁਲਾਈ ੨੦੨੪ ਨੂੰ
ਸ਼ਹੀਦੀ ਸਮਾਗਮ ਰੱਖੇ ਗਏ ਨੇ।
ਸਨਿਚਰਵਾਰ ੫ ਵਜੇ ਤੋਂ ੮:੩੦ ਵਜੇ ਤਕ (ਹਾਲ ੪)
ਐਤਵਾਰ ੧੧:੩੦ ਵਜੇ ਤੋਂ ੪ ਵਜੇ ਤਕ (ਮੇਨ ਹਾਲ)
ਵਲੋਂ: ਦਮਦਮੀ ਟਕਸਾਲ ਜਥਾ ਯੂਕੇ ਅਤੇ ਯੂਰਪ ਅਤੇ ਸਮੂਹ ਸਾਧ ਸੰਗਤ
ORGANISED BY: DAMDAMI TAKSAL UK & EUROPE AND SADH SANGAT
SHAHEEDI
SMAGAM
IN REMEMBRANCE OF THE SHAHEEDS OF 1984
GURU NANAK GURDWARA | 191 DUNCAN ST, WOLVERHAMPTON WV2 3AJ
GIANI SATNAM SINGH JI DAMDAMI TAKSAL
GIANI NAVDEEP SINGH JI AJNALA
GIANI SUKHRAJ SINGH JI DAMDAMI TAKSAL
BHAI AMANDEEP SINGH JI SRI DARBAR SAHIB
BHAI MAHADEEP SINGH JI SRI DARBAR SAHIB
DHADI JATHA GIANI TARLOCHAN SINGH BHAMADI
BHAI BALDEV SINGH JI DAMDAMI TAKSAL
BHAI GURJEET SINGH JI DAMDAMI TAKSAL
BHAI SUKHJINDER SINGH
BHAI HARI SINGH JI
GIANI GURJINDER SINGH JI DAMDAMI TAKSAL
GIANI BALBIR SINGH DAMDAMI TAKSAL
DHADI RASAAL SINGH CHOLA SAHIB
SATURDAY 6TH (HALL 4)
5PM-8:30PM
SUNDAY 7TH (MAIN HALL)
11:30AM-4PM
AT GNG SEDGLEY STREET
BHAI HARJINDER SINGH JI 07956 007 161 | GIANI GURJINDER SINGH JI 07400 830 403
BHAI GURJIT SINGH JI 07508 943 570 | BHAI BHERVINDER SINGH JI 07985 246 484
DAMDAMI TAKSAL JATHA (UK & EUROPE)
SIKH INSPIRE
1984
ਸਚਖੰਡ ਵਾਸੀ ਸੰਤ ਬਾਬਾ ਠਾਕੁਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਕਾਰਜਕਾਰੀ ਮੁਖੀ ਦਮਦਮੀ ਟਕਸਾਲ ਦੇ ਅਸ਼ੀਰਵਾਰ ਸਦਕਾ
ਆਵਾਜ਼ਿ ਕੌਮ
AWAZE QAUM
International Newspaper & WEB TV

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥1 ॥
As His Decree is issued, so is His command obeyed
Those who are sent, come, O Nanak; when they are called back, they depart and go. ||1||







**ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ।**

ਬੀਬੀ ਗੁਰਬਖ਼ਸ਼ ਕੌਰ ਧਰਮ ਸੁਪਤਨੀ ਸਰਦਾਰ ਮਲਕੀਤ ਸਿੰਘ ਤੇਹਿੰਗ ਵਾਹਿਗੁਰੂ ਜੀ ਦੇ ਹੁਕਮ ਅਨੂੰਸਾਰ ਗੁਰੂ ਸਾਹਿਬ ਵੱਲੋਂ ਬਖ਼ਸ਼ੇ ਸੁਆਸਾਂ ਨੂੰ ਸੰਪੂਰਨ ਕਰਦੇ ਹੋਏ ਅਕਾਲ ਪੁਰਖ ਦੇ ਚਰਨਾ ਵਿੱਚ ਜਾ ਬਿਰਾਜੇ ਹਨ।

**ਉਨ੍ਹਾਂ ਦੇ ਅੰਤਿਮ ਸੰਸਕਾਰ ਦਿਨ ਸ਼ਨਿਚਰਵਾਰ 6 ਜੁਲਾਈ 2024 ਵਾਲੇ ਦਿਨ ਹੋ ਰਹੇ ਹਨ।**

**ਅੰਤਿਮ ਦਰਸ਼ਨ - ਸਵੇਰੇ 10.00 ਵਜੇ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿਖੇ ਕਰਵਾਏ ਜਾਣਗੇ।**

**ਅੰਤਿਮ ਸੰਸਕਾਰ - 12.00pm Sandwell Valley Crematorium (B71 3SX) ਵਿਖੇ**

ਉਨ੍ਹਾਂ ਦੇ ਨਮਿਤ ਸ੍ਰੀ ਸਹਿਜ ਪਾਠ ਦੇ ਭੋਗ 1.30pm ਗੁਰੂ ਨਾਨਕ ਗੁਰਦੁਆਰਾ ਸਮੈਦਿਕ (BFF CAP) ਉੱਪਰਲੇ ਮੇਨ ਦਰਬਾਰ ਸਾਹਿਬ ਵਿੱਚ ਪਾਏ ਜਾਣਗੇ। ਵਾਹਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਹੈ ਕਿ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ। ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥

# "ਪਾਠ ਦਾ ਭੋਗ ਅਤੇ ਅੰਤਿਮ ਅਰਦਾਸ"



ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਖਾੜਕੂ ਸੰਘਰਸ਼ ਦੇ ਮਹਾਨ ਯੋਧੇ ਭਾਈ ਵਸਣ ਸਿੰਘ ਜਫ਼ਰਵਾਲ ਦੇ ਸਤਿਕਾਰਯੋਗ

# ਮਾਤਾ ਕੁਲਵੰਤ ਕੌਰ ਜੀ

ਜੋ ਮਿਤੀ 27 ਜੂਨ ਦਿਨ ਵੀਰਵਾਰ ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ।

**ਮਾਤਾ ਜੀ ਦੀ ਯਾਦ ਵਿਚ ਅਤੇ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਭੋਗ**

## ਮਿਤੀ 6 ਜੁਲਾਈ 2024, ਦਿਨ ਸ਼ਨੀਵਾਰ ਨੂੰ ਦੁਪਿਹਾ 12:00 ਤੋ 02:00 ਵੱਜੇ ਤੱਕ ਭਾਈ ਜਫ਼ਰਵਾਲ ਦੇ ਗ੍ਰਹਿ ਵਿਖੇ ਪੈਣਗੇ

**ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ।**

ਵਾਹਿਗੁਰੂ ਦੇ ਭਾਣੇ 'ਚ

**ਭਾਈ ਵਸਣ ਸਿੰਘ ਜਫ਼ਰਵਾਲ ਅਤੇ ਸੰਮੂਹ ਪਰਿਵਾਰ**

**+91-78370-90700**




## ਅਰੰਧਤੀ ਰਾਇ ਬਨਾਮ ਕਾਣਾ ਮੀਣਾ ਇਨਕਲਾਬ

# ਅਰੁੰਧਤੀ ਨੂੰ ਅਵਾਰਡ ਮਿਲਿਆ ਠੀਕ ਹੈ ਪਰ ਸਿਖ ਦੁਖਾਂਤ ਬਾਰੇ ਚੁਪ ਕਿਉਂ ?

ਬੀਤੇ ਦਿਨੀਂ ਬੁੱਕਰ ਪ੍ਰਾਈਜ਼' ਜੇਤੂ ਲੇਖਕਾ ਅਰੁੰਧਤੀ ਰਾਏ ਨੂੰ 'ਨਿਡਰ ਤੇ ਸਪਸ਼ਟ' ਲਿਖਤਾਂ ਲਈ ਵੱਕਾਰੀ 'ਪੈੱਨ ਪਿੰਟਰ ਪ੍ਰਾਈਜ਼-2024' ਦੇਣ ਦਾ ਐਲਾਨ ਕੀਤਾ ਗਿਆ ਸੀ।ਉਨ੍ਹਾਂ ਨੂੰ ਇਹ ਪੁਰਸਕਾਰ ਅਜਿਹੇ ਸਮੇਂ ਦਿੱਤਾ ਜਾ ਰਿਹਾ ਹੈ ਜਦੋਂ ਉਹ ਕਸ਼ਮੀਰ ਬਾਰੇ 14 ਸਾਲ ਪਹਿਲਾਂ ਕੀਤੀਆਂ ਇਤਿਹਾਸਕ ਟਿੱਪਣੀਆਂ ਦੇ ਮਾਮਲੇ ਵਿੱਚ ਮੁਕੱਦਮੇ ਦੇ ਖ਼ਤਰੇ ਦਾ ਸਾਹਮਣਾ ਕਰ ਰਹੀ ਹੈ।

ਦਿੱਲੀ ਦੇ ਉਪ ਰਾਜਪਾਲ ਵੀਕੇ ਸਕਸੈਨਾ ਨੇ ਮਸ਼ਹੂਰ ਲੇਖਿਕਾ ਅਰੁੰਧਤੀ ਰਾਏ ਅਤੇ ਕਸ਼ਮੀਰ ਸੈਂਟਰਲ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਡਾਕਟਰ ਸ਼ੇਖ ਸ਼ੌਕਤ ਹੁਸੈਨ ਵਿਰੁੱਧ ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ (ਯੂਏਪੀਏ) ਤਹਿਤ ਮੁਕੱਦਮਾ ਚਲਾਉਣ ਨੂੰ ਮਨਜ਼ੂਰੀ ਦੇ ਦਿੱਤੀ ਹੈ। ਉਸ 'ਤੇ 'ਆਜ਼ਾਦੀ-ਇਕੋ ਇਕ ਰਸਤਾ' ਦੇ ਬੈਨਰ ਹੇਠ ਆਯੋਜਿਤ ਇਕ ਸੰਮੇਲਨ ਵਿਚ ਕਥਿਤ ਤੌਰ 'ਤੇ 'ਭੜਕਾਊ' ਭਾਸ਼ਣ ਦੇਣ ਦਾ ਦੋਸ਼ ਹੈ ਉਸਨੇ ਇਸ ਤੱਥ ਦਾ ਪ੍ਰਚਾਰ ਕੀਤਾ ਕਿ ਕਸ਼ਮੀਰ ਕਦੇ ਵੀ ਭਾਰਤ ਦਾ ਹਿੱਸਾ ਨਹੀਂ ਸੀ ਅਤੇ ਇਸ 'ਤੇ ਭਾਰਤੀ ਹਥਿਆਰਬੰਦ ਬਲਾਂ ਨੇ ਜ਼ਬਰਦਸਤੀ ਕਬਜ਼ਾ ਕੀਤਾ ਹੋਇਆ ਸੀ। ਇੱਥੋਂ ਤੱਕ ਕਿਹਾ ਕਿ ਜੰਮੂ-ਕਸ਼ਮੀਰ ਦੀ ਭਾਰਤ ਤੋਂ ਆਜ਼ਾਦੀ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ।

**ਸੁਸ਼ੀਲ ਪੰਡਿਤ ਦੀ ਸ਼ਿਕਾਇਤ 'ਤੇ ਮਾਮਲਾ ਦਰਜ:**

ਦਰਅਸਲ ਇਹ ਮਾਮਲਾ ਸਾਲ 2010 ਨਾਲ ਸਬੰਧਤ ਹੈ। ਇਸ ਮਾਮਲੇ ਸਬੰਧੀ ਸ਼ਿਕਾਇਤ ਸੁਸ਼ੀਲ ਪੰਡਿਤ ਵੱਲੋਂ 28 ਅਕਤੂਬਰ 2010 ਨੂੰ ਅਦਾਲਤ ਵਿੱਚ ਦਾਇਰ ਕੀਤੀ ਗਈ ਸੀ। ਜਿਸ ਤੋਂ ਬਾਅਦ ਅਦਾਲਤ ਨੇ 27 ਨਵੰਬਰ ਨੂੰ ਐਫਆਈਆਰ ਦਰਜ ਕਰਨ ਦੇ ਨਿਰਦੇਸ਼ ਦਿੱਤੇ ਸਨ। ਸ਼ਿਕਾਇਤ ਦੇ ਇਕ ਮਹੀਨੇ ਬਾਅਦ 29 ਨਵੰਬਰ 2010 ਨੂੰ ਸੁਸ਼ੀਲ ਪੰਡਿਤ ਦੀ ਸ਼ਿਕਾਇਤ 'ਤੇ ਮਾਮਲਾ ਦਰਜ ਕੀਤਾ ਗਿਆ ਸੀ। 62 ਸਾਲਾ ਅਰੁੰਧਤੀ ਰਾਏ ਗੰਭੀਰ ਤੇ ਬੇਬਾਕ ਲੇਖਕਾ ਹੈ। ਪਰ ਸੁਆਲ ਇਹ ਹੈ ,ਉਹ ਪੰਜਾਬ ਦੇ ਦੁਖਾਂਤ ਬਾਰੇ ਚੁਪ ਕਿਉਂ ਹੈ ?ਇਥੇ ਉਸਦੀ ਬੇਬਾਕੀ ਕਿਉਂ ਗੁੰਮ ਹੈ ? ਨਾ ਉਹ ਪੰਜਾਬ ਦੇ ਪਾਣੀਆਂ, ਲਵਾਰਸ਼ ਲਾਸ਼ਾਂ, ਪੰਜਾਬ ਦੀ ਖੁਦਮੁਖਤਿਆਰੀ ਉਪਰ ਬੋਲੀ।ਪੰਜਾਬ ਵਿਚ ਆਕੇ ਵੀ ਉਹ ਕਬਰਾਂ ਵਰਗੀ ਚੁਪ ਧਾਰਨ ਕਰ ਲੈਂਦੀ ਹੈ।ਕਸ਼ਮੀਰ ਵਿਚੋਂ ਹਿੰਦੂ ਭਾਈਚਾਰਾ ਉਜਾੜਿਆ ਗਿਆ, ਪਰ ਪੰਜਾਬ ਵਿਚ ਸਿਖਾਂ ਨੇ ਹਿੰਦੂਆਂ ਦੀ ਰਖਿਆ ਕੀਤੀ।ਕੀ ਇਹ ਸਿਖ ਪੰਥ ਦਾ ਮਨੁੱਖਤਾਵਾਦੀ ਪਖ ਨਹੀਂ।? ਸੁਆਲ ਮੇਰਾ ਆਪਣੀ ਸਿਖ ਰਾਜਨੀਤਕ ਲੀਡਰਸ਼ਿਪ ਤੋਂ ਵੀ ਹੈ ਜੋ ਬਾਦਲਾਂ ਸਮੇਤ ਪੰਥ ਨਾਲ ਦਗਾ ਕਰਦੇ ਰਹੇ।ਜੇਕਰ ਬਾਦਲ ਅਕਾਲੀ ਦਲ ਬੇਅਦਬੀ ਲਈ ਇਨਸਾਫ ਨਹੀਂ ਕੀਤਾ ,ਸਿਖ ਮਸਲਿਆਂ ਬਾਰੇ ਅਵਾਜ ਨਹੀਂ ਉਠਾਈ ਤਾਂ ਬਾਦਲ ਵਿਰੋਧੀ ਸਿਖ ਲੀਡਰਸ਼ਿਪ ਨੇ ਬਹਿਬਲ ਕਲਾਂ ਵਾਲਾ ਮੋਰਚਾ ਚੁਕ ਕੇ ਧੋਖਾ ਕੀਤਾ ਅੱਜ ਉਹ ਬਾਦਲਾਂ ਦੇ ਬਦਲ ਵਜੋਂ ਸਥਾਪਿਤ ਹੋਣ ਲਈ ਉਤਾਵਲੇ ਹਨ।



ਮੇਰਾ ਸੁਆਲ ਇਹ ਵੀ ਹੈ ਕਿ ਪੰਜਾਬ ਵਿਚ ਅਜੋਕੇ ਯੁਗ ਦੌਰਾਨ ਅਰੁੰਧਤੀ ਚਿੰਤਕ ਵਰਗੀਆਂ ਬੀਬੀਆਂ ਕਿਉਂ ਨਹੀਂ ਨਹੀਂ ਜੰਮੀਆਂ ? ਅਜ ਜੇਕਰ ਪੰਜਾਬ ਕੋਲ ਇਸ ਕਦ ਦਾ ਲੇਖਕ ਹੈ ਤਾਂ ਉਹ ਸਰਦਾਰ ਗੁਰਤੇਜ ਸਿੰਘ ਹਨ।ਉਹਨਾਂ ਵਿਚ ਅਥਾਹ ਗੰਭੀਰਤਾ ਬੋਧਿਕਤਾ ਤੇ ਦ੍ਰਿੜਤਾ ਹੈ।ਪਰ ਮੈਂ ਸਮਝਦਾ ਹਾਂ ਕਿ ਸਾਡੀ ਦੰਭੀ ਰਾਜਨੀਤਕ ਲੀਡਰਸ਼ਿਪ ,ਸ਼੍ਰੋਮਣੀ ਕਮੇਟੀ ,ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਵਿਦਵਾਨ ਦੀ ਕਦਰ ਨਹੀਂ ਪਾਈ। ਕਾਰਣ ਇਨ੍ਹਾਂ ਸੰਸਥਾਵਾਂ ਉਪਰ ਘੜੰਮ ਚੌਧਰੀਆਂ ਦਾ ਕਬਜਾ ਹੈ ਜੋ ਨਹੀਂ ਚਾਹੁੰਦੇ ਕਿ ਸਿਖ ਪੰਥ ਦਾ ਕੇਸ ਦੁਨੀਆਂ ਦੇ ਲੋਕਾਂ ਤਕ ਪਹੁੰਚੇ।

ਇਹ ਵਿਦਵਾਨ ਕਿਸੇ ਵੀ ਵੀ ਵਿਸ਼ਵ ਪਧਰੀ ਕਾਨਫਰੰਸ ਜਾਂ ਟੇਬਲ ਟਾਕ ਵਿਚ ਪੰਜਾਬ ਤੇ ਸਿਖ ਮਸਲਾ ਵਧੀਆ ਢੰਗ ਨਾਲ ਰਖ ਸਕਦਾ ਹੈ।ਇਸ ਪਧਰ ਦੀ ਬੋਧਿਕਤਾ ਪੰਜਾਬ ਦੇ ਕਿਸੇ ਲੀਡਰ ਜਾਂ ਬੁਧੀਜੀਵੀ ਵਿਚ ਨਹੀਂ ਹੈ। ਮੈਨੂੰ ਅਫਸੋਸ ਇਸ ਗਲ ਦਾ ਹੈ ਕਿ ਪੰਜਾਬ ਦੇ ਕਾਮਰੇਡਾਂ ਵਿਚਲੇ ਕੁਝ ਕੁ ਭਗਵੇ ਕਾਮਰੇਡਾਂ ਨੇ ਅਰੁੰਧਤੀ ਨੂੰ ਪੰਜਾਬ ਵਿਚ ਉਭਰਨ ਨਹੀਂ ਦਿਤਾ।. ਹਾਲਾਂਕਿ ਗੁਰਪੁਰਵਾਸੀ ਸਿਖ ਲੇਖਕਾਂ ਗੁਰਬਚਨ ਸਿੰਘ ਦੇਸ ਪੰਜਾਬ ,ਦਲਬੀਰ ਸਿੰਘ ਪੱਤਰਕਾਰ ਨੇ ਉਸਨੂੰ ਮੀਟਿੰਗ ਲਈ ਸਦਾ ਦਿਤਾ ਸੀ ਤੇ ਦਿਲੀ 84 ਬਾਰੇ ਤੇ ਪੰਜਾਬ ਸੰਤਾਪ ਬਾਰੇ ਲਿਟਰੇਚਰ ਵੀ।ਸੀਨੀਅਰ ਪੰਥਕ ਪੱਤਰਕਾਰ ਕਰਮਜੀਤ ਸਿੰਘ ਚੰਡੀਗੜ੍ਹ ਲਿਖਦੇ ਰਹੇ ਕਿ ਅਰੁੰਧਤੀ ਪੰਜਾਬ ਤੇ ਸਿਖ ਮਸਲਿਆਂ ਨੂੰ ਸਮਝੇ। ਪਰ ਅਰੁੰਧਤੀ ਚੁਪ ਰਹੀ। ਭਗਵੇਂ ਖਬੇਪਖ ਦੀ ਟੀਰੀ ਅੱਖ ਪੰਜਾਬ ਦੀ ਬੋਧਿਕਤਾ ਤੇ ਹੱਕਾਂ ਨਾਲ ਬਲਾਤਕਾਰ ਦੀ ਵੀ ਜਿੰਮੇਵਾਰ ਹੈ।ਪੰਜਾਬ ਵਿਚ ਅਰੁੰਧਤੀ ਨੂੰ ਆਪਣੇ ਅਖੌਤੀ ਮਾਰਕਸਵਾਦੀ ਪਿੰਜਰੇ ਵਿਚ ਕੈਦ ਕਰਨਾ ਅਰੁੰਧਤੀ ਦੇ ਉਭਾਰ ਨੂੰ ਰੋਕ ਗਿਆ।ਜੋ ਅਰੁੰਧਤੀ ਵਿਚ ਸੰਪੂਰਨਤਾ ਦੇ ਗੁਣ ਸਨ ਉਹਨਾਂ ਨਾਲ ਅਰੁੰਧਤੀ ਨਹੀਂ ਨਿਭ ਸਕੀ।ਅਰੁੰਧਤੀ ਸੰਪੂਰਨ ਨਹੀ ਹੋ ਸਕੀ।ਪੰਜਾਬ ਨਾਲ ਨਿਆਂ ਨਹੀਂ ਕਰ ਸਕੀ।

ਹਾਲਾਂਕਿ ਉਹ ਕਿਹੜਾ ਨਹੀ ਜਾਣਦੀ ਕਿ ਸਿਖ ਆਪਣੀ ਸਮਰਥਾ ਤੋ ਵਧ ਮਨੁੱਖਤਾ ਦੇ ਪਹਿਰੇਦਾਰ ਹਨ।ਇਹ ਤਾਂ ਕੌਮਾਂਤਰੀ ਸਰਕਾਰਾਂ ,ਬੁਧੀਜੀਵੀਆਂ ,ਪੱਤਰਕਾਰਾਂ ਨੂੰ ਸਮਝ ਹੈ ਕਿ ਸਿਖ ਪੰਥ ਦੀਨ ਦੁਖੀਆਂ ਦੀ ਹਰੇਕ ਸੰਕਟ ਵਿਚ ਸੇਵਾ ਨਿਭਾਉਂਦਾ ਰਿਹਾ ਹੈ।ਉਸਨੇ ਆਪਣੇ ਸਤਿਗੁਰੂ ਦਾ ਸਭਿਆਚਾਰ ਜੀਉਂਦਾ ਰਖਿਆ ਹੈ।ਇਹ ਉਦਾਹਰਣ ਦੁਨੀਆਂ ਦੀ ਕਿਸੇ ਕੌਮ ਵਿਚ ਨਹੀਂ ਮਿਲੇਗੀ।ਇਹੋ ਜਿਹੀਆਂ ਖਬਰਾਂ ਆਮ ਨਿਊਯਾਰਕ ਟਾਈਮਜ ,ਵਸ਼ਿੰਗਟਨ ਟਾਈਮਜ, ਡੇਲੀ ਮੇਲ ਯੂਕੇ ਵਿਚ ਛਪਦੀਆਂ ਹਨ ਜਿਸ ਨੂੰ ਨੀਝ ਲਗਾਕੇ ਅਰੁੰਧਤੀ ਰਾਇ ਵੀ ਪੜਦੀ ਹੈ। ਹੈਰਾਨੀ ਇਹ ਹੈ ਕਿ ਅਰੁੰਧਤੀ ਇਸ ਸਚ ਤੋਂ ਕਿਉਂ ਭਟਕੀ ? ਕੀ ਉਸ ਵਿਚ ਜਜਬਾ ਹੈ ਕਿ ਉਹ ਸਿਖ ਪੰਥ ਵਾਂਗ ਸਰਬੱਤ ਦੇ ਭਲੇ ਦਾ ਦ੍ਰਿਸ਼ਟੀਕੋਣ ਅਪਣਾ ਸਕੇ।ਅਸੀਂ ਸਿਖ ਦੁਨੀਆਂ ਨੂੰ ਰਬ ਦਾ ਘਰ ਸਮਝਦੇ ਹਾਂ।ਇਸ ਦੁਨੀਆਂ ਵਿਚ ਰਹਿੰਦਾ ਹਰ ਮਨੁੱਖ ਸਾਡਾ ਭਾਈ ਬੰਧੂ ਹੈ।ਗੁਰੂ ਗ੍ਰੰਥ ਸਾਹਿਬ ਦਾ ਸਾਨੂੰ ਹੁਕਮ ਹੈ

**ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ**" (ਪੰ: 671)

ਕੁੱਝ ਸਾਲ ਪਹਿਲਾਂ ਮੈਂ ਦੇਸ ਭਗਤ ਯਾਦਗਾਰ ਹਾਲ ਗਦਰੀ ਮੇਲੇ ਤੇ ਬੀਬੀ ਅਰੁੰਧਤੀ ਮਿਲਿਆ।ਗਲਬਾਤ ਜਾਣਕਾਰੀ ਤਕ ਸੀਮਤ ਰਹੀ।ਕਾਮਰੇਡਾਂ ਦਾ ਇਕ ਟੋਲਾ ਉਸਨੂੰ ਘੇਰਾਬੰਦੀ ਕਰਕੇ ਹੋਟਲ ਵਲ ਲੈ ਗਿਆ।ਹੁਣ ਇਹਨਾਂ ਅਗਿਆਨੀਆਂ ਨੂੰ ਕੋਣ ਸਮਝਾਏ ਭਾਈ ਇਨਕਲਾਬ ਡਬੀ ਵਿਚ ਨਹੀਂ ਬੰਦ ਕਰੀਦੇ।

ਇਨਕਲਾਬ ਦਾ ਰੰਗ ਸਿਰਫ ਲਾਲ ਨਹੀਂ ਹੁੰਦਾ ਨੀਲਾ ਸੁਰਮਈ ਵੀ ਹੁੰਦਾ ਹੈ।ਦੇਗ ਤੇਗ ਫਤਹਿ ਦੀ ਪੁਣ ਛਾਣ ਕਰ ਲਵੋ। ਅੰਮ੍ਰਿਤ ਛਕਾਉਣ ਤੋਂ ਪਹਿਲਾਂ ਸਾਰੀਆਂ ਜਾਤਾਂ ਤੇ ਵੱਖ ਵੱਖ ਧਰਮ ਸੰਸਕਾਰਾਂ ਵਾਲਿਆਂ ਨੂੰ ਗੁਰੂ ਦਸ਼ਮੇਸ਼ ਨੇ ਸੱਦਾ ਦਿੱਤਾ ਸੀ, ਪਰ ਜਾਤ ਅਭਿਮਾਨੀ ਰਾਜਪੂਤਾਂ ਨੇ ਕਿਹਾ ਕਿ ਅਸੀਂ ਅੰਮ੍ਰਿਤ ਛਕਣ ਲਈ ਤਿਆਰ ਹਾਂ ਪਰ ਨੀਵੀਆਂ ਜਾਤਾਂ ਨਾਲ਼ੋਂ ਸਾਨੂੰ ਅੱਡ ਅੰਮ੍ਰਿਤ ਛਕਾਉ । ਗੁਰੂ ਦਸ਼ਮੇਸ਼ ਨੇ ਕਿਹਾ ਕਿ ਇਹ ਬਿਨਾ ਭਿੰਨ ਭੇਦ ਦੇ ਸਭ ਲਈ ਇਕ ਸਮਾਨ ਹੋਵੇਗਾ । ਰਾਜਪੂਤਾਂ ਨੇ ਇਨਕਾਰ ਕਰਦਿਆਂ ਕਿਹਾ ਕਿ 'ਯਹ ਸਭ ਚਿੜੀ ਲਖੇ ਮਹਾਰਾਜਾ, ਹਮ ਹੈ ਰਾਜਪੂਤ ਵਡ ਰਾਜਾ'।

ਗੁਰੂ ਦਸ਼ਮੇਸ਼ ਦਾ ਜਵਾਬ ਸੀ ਕਿ ਜਿਹੜੇ ਚਿੜੀ ਦੇ ਫਰਕਨ ਤੇ ਡਰ ਜਾਦੇ ਹਨ ਉਨ੍ਹਾਂ ਨੂੰ 'ਸ਼੍ਰੀ ਅਸ਼ਿਪਾਨਜ ਤਬੈ ਕਹਾਊ ਚਿੜੀਅਨ ਤੇ ਜਬ ਬਾਜ ਤੁੜਾਉ' ਐਸੀ ਸਪਿਰਟ ਭਰ ਦੇਵਾਗਾਂ 'ਸਵਾ ਲਾਖ ਸੇ ਏਕ ਲੜਾਊ ਤਬੈ ਗੋਬਿੰਦ ਸਿੰਘ ਨਾਮ ਕਹਾਊ"।

ਇਸ ਤੇ ਬ੍ਰਾਹਮਣਾਂ ਨੇ ਕਿਹਾ ਅਸੀਂ ਇਹਨਾਂ ਦੇ ਘਰਾਂ ਵਿਚ ਕੋਈ ਧਾਰਮਿਕ ਰਸਮ ਨਹੀ ਨਿਭਾਵਾਂਗੇ। ਦਾਨ ਵੀ ਕਬੂਲ ਨਹੀ ਕਰਾਂਗੇ ਤਾਂ ਗੁਰੂ ਦਸ਼ਮੇਸ਼ ਨੇ ਫਰਮਾਇਆ ਕਿ ਹੁਣ ਤੋਂ ਕੋਈ ਸਿੱਖ ਤੁਹਾਨੂੰ ਦਾਨ ਨਹੀ ਦੇਵੇਗਾ ਅਤੇ ਨਾਂਹ ਹੀ ਕਿਸੇ ਧਰਮ ਕਰਮ ਲਈ ਤੁਹਾਨੂੰ ਬੁਲਾਵੇਗਾ।ਹੁਣ ਦਾਨ ਮਨੁੱਖਤਾ ਦੇ ਭਲੇ ਲਈ ਖਰਚ ਹੋਵੇਗਾ 'ਦਾਨ ਦੀਉ ਇਨ ਹੀ ਕੋ ਭਲੋ ਔਰ ਆਨ ਕੋ ਦਾਨ ਨ ਲਾਗਤ ਨੀਕੋ' 'ਇਨ ਤੇ ਗਹਿ ਪੰਡਿਤ ਉਪਜਾਊ ਕਥਾ ਕਰਨ ਕੀ ਰੀਤ ਸਿਖਾਊ' 'ਇਨ ਗਰੀਬ ਸਿੰਘਨ ਕੋ ਦੇਊ ਪਾਤਸ਼ਾਹੀ ਯੇ ਯਾਦ ਕਰੇ ਹਮਰੀ ਗੁਰਿਆਈ' 'ਜੀਵਤ ਰਹੇ ਤੋ ਰਾਜ ਕਰੇ ਹੈ ਮਰਹਿ ਤਾ ਗੁਰ ਪੁਰ ਜਾਈ'।

ਸਿਖ ਪੰਥ ਦੀ ਗੁਰੂ ਹੁਕਮ ਵਿਚ ਇਹ ਜੱਦੋ ਜਹਿਦ ਉਦੋਂ ਤੱਕ ਜਾਰੀ ਰਹੀ ਜਦੋਂ ਤੱਕ ਦਰਾ ਏ ਖੈਬਰ ਤੋਂ ਹੋਣ ਵਾਲੇ ਹਮਲੇ ਸਦਾ ਲਈ ਬੰਦ ਨਹੀ ਹੋ ਗਏ। ਸਾਰੇ ਪੰਜਾਬ, ਕਸ਼ਮੀਰ, ਅਫਗਾਨਿਸਤਾਨ ਤੇ ਜਮਰੌਦ ਦੇ ਕਿਲ੍ਹੇ ਤੇ ਖਾਲਸੇ ਦਾ ਨੀਲਾ ਸੁਰਮਈ ਨਿਸ਼ਾਨ ਸਾਹਿਬ ਝੂਲਿਆ। ਕਿਸੇ ਸ਼ਾਇਰ ਨੇ ਠੀਕ ਹੀ ਲਿਖਿਆ ਹੈ 'ਸਿੱਖ ਦੀ ਹਸਤੀ ਪੰਥ ਦੇ ਨਾਲ ਪੰਥ ਜੀਵੇ ਗੁਰੂ ਗ੍ਰੰਥ ਦੇ ਨਾਲ'। ਨੀਲਾ ਸੁਰਮਈ ਗੁਰੂ ਗੋਬਿੰਦ ਸਿੰਘ ਦਾ ਸੌਂਪਿਆ ਬ੍ਰਹਿਮੰਡੀ ਕ੍ਰਾਂਤੀ ਰੰਗ ਹੈ ਤੇ ਇਸ ਪਿਛੇ ਦਬੇ ਕੁਚਲੇ ਤੇ ਕਿਰਤੀ ਵਰਗ ਦੀ ਮੁਕਤੀ ਦਾ ਇਤਿਹਾਸਕ ਤੇ ਦਾਰਸ਼ਿਨਕ ਸੰਕਲਪ ਹੈ।ਪੂਰੇ ਭਾਰਤ ਵਿਚ ਦਬੇ ਕੁਚਲਿਆਂ ਦਾ ਰੰਗ ਵੀ ਖਾਲਸਾ ਜੀ ਵਰਗਾ ਹੈ। ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਲਿਖਿਆ ਹੈ ਕਿ ਖਾਲਸੇ ਦੀ ਵਡਿਆਈ ਇਹ ਹੈ ਕਿ ਉਹ ਦੇਗ ਤੋਂ ਹੱਥ ਹਟਾਂਦੇ ਨਹੀਂ ਤੇ ਵੰਡ ਖਾਉਣ ਤੋਂ ਹਟਦੇ ਨਹੀਂ।

ਯਹੀ ਲਾਇਕੀ ਖਾਲਸੇ ਮਾਹਿ।
ਲੜਨ ਮਰਨ ਮੋ ਰਹੇ ਅਗਾਹਿਂ।
ਔਰ ਪ੍ਰਸ਼ਾਦਿ ਵੰਡਕੇ ਖਾਹਿ।
ਮਿਠਾ ਬੋਲਹਿ, ਸਿੱਖੀ ਕਮਾਹਿ॥ (ਪ੍ਰਾਚੀਨ ਪੰਥ ਪ੍ਰਕਾਸ਼)

**-ਬਲਵਿੰਦਰਪਾਲ ਸਿੰਘ (ਪ੍ਰੋ.)**

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਸਥਾਪਨਾ ਦਿਵਸ

ਸਿਰਜਨਾ ਦਿਵਸ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਮੀਰੀ ਪੀਰੀ ਦਿਵਸ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ

ਸ਼ਨਿੱਚਰਵਾਰ 6 ਜੁਲਾਈ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ।

ਐਤਵਾਰ 7 ਜੁਲਾਈ 2024 ਨੂੰ 6:30 ਵਜੇ ਸਵੇਰੇ ਚਪੈਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9: 30 ਵਜੇ ਭੋਗ ਪੈਣਗੇ ਉਪੰਰਤ 12:30 ਵਜੇ ਤੱਕ ਦੀਵਾਨ ਸੱਜਣਗੇ।

ਢਾਡੀ ਜਥਾ ਗਿਆਨੀ ਸੁਖਬੀਰ ਸਿੰਘ ਭੌਰ ਢਾਡੀ ਵਾਰਾਂ ਰਾਹੀਂ ਗੁਰਬਾਣੀ ਕਥਾ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

☛ ਛਬੀਲ ਵੀ ਲੱਗੇਗੀ
☛ ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ ☛ ਆਪਣਾ ਕੀਮਤੀ ਸਮਾਂ ਕੱਢਕੇ ਸਮਾਗਮਾ ਵਿਚ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap
26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778

### ਐਨ.ਐਸ.ਕਿਊ.ਐਫ ਵੋਕੇਸਨਲ ਅਧਿਆਪਕ ਆਗੂ ਗੁਰਪ੍ਰੀਤ ਸਿੰਘ ਅਤੇ ਸਿਮਰਨਦੀਪ ਕੌਰ ਵੱਲੋਂ

# ਮੁੱਖ ਮੰਤਰੀ ਜੀ ਦੀ ਪਤਨੀ ਗੁਰਪ੍ਰੀਤ ਕੌਰ ਨਾਲ ਮੀਟਿੰਗ

**ਚੌਕ ਮਹਿਤਾ,4 ਜੁਲਾਈ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਪਿਛਲੇ ਦਸ ਸਾਲਾਂ ਤੋਂ ਪੰਜਾਬ ਦੇ ਸਰਕਾਰੀ ਸਕੂਲਾਂ ਚ ਕਿੱਤਾ ਮੁੱਖੀ ਵੋਕੇਸਨਲ ਸਿੱਖਿਆ ਦੇ ਰਹੇ ਐਨ ਐਸ ਕਿਊ ਐਫ ਵੋਕੇਸਨਲ ਅਧਿਆਪਕ ਆਪਣੀਆ ਮੰਗਾਂ ਸੰਬੰਧੀ ਡਾਕਟਰ ਗੁਰਪ੍ਰੀਤ ਕੌਰ ਜੀ ਨੂੰ



ਆਵਾਜ਼ਿ ਕੌਮ AWAZE QAUM International Newspaper & WEB TV

ਜਲੰਧਰ ਸਥਿਤ ਮੁੱਖ ਮੰਤਰੀ ਜੀ ਦੀ ਰਿਹਾਇਸ਼ ਚ ਮਿਲੇ॥ ਅਧਿਆਪਕ ਆਗੂਆਂ ਨੇ ਦੱਸਿਆ ਕਿ ਪਿਛਲੇ ਦਸ ਸਾਲਾਂ ਤੋਂ ਸਾਨੂੰ 14000 ਰੁਪਏ ਨਿਗੁਣੀ ਤਨਖਾਹ ਦਿੱਤੀ ਜਾ ਰਹੀ ਜਦਕਿ 10 ਸਾਲਾਂ ਦੇ ਦੌਰਾਨ ਮਹਿੰਗਾਈ ਦੁਗਣੀ ਹੋਈ ਹੈ॥ ਆਗੂਆ ਮੁਤਾਬਿਕ 2024-25 ਦੀ ਪੈਬ ਰਿਪੋਰਟ ਚ ਕੇਂਦਰ ਸਰਕਾਰ ਨੇ 24000 ਤਨਖਾਹ ਨੂੰ ਮਨਜ਼ੂਰੀ ਦਿੱਤੀ ਹੈ ਪਰ ਸਰਕਾਰ ਨੇ ਅਜੇ ਤੱਕ ਤਨਖਾਹ ਚ ਵਾਧਾ ਨਹੀਂ ਕੀਤਾ ਹੈ॥ਆਗੂਆਂ ਨੇ ਗੱਲਬਾਤ ਦੌਰਾਨ ਦੱਸਿਆ ਕਿ ਅਸੀ ਸਕੂਲਾਂ ਚ ਨੌਂਵੀ ਤੋ ਬਾਰਵੀਂ ਦੇ ਬੱਚਿਆਂ ਨੂੰ ਕਿੱਤਾ ਮੁੱਖੀ ਸਿੱਖਿਆ ਦਿੰਦੇ ਹਾਂ ਤੇ ਲੈਕਚਰਾਰਾਂ ਦੇ ਬਰਾਬਰ ਇੱਕ ਹਫਤੇ ਚ 30 ਕਲਾਸਾਂ ਲਗਾਉਦੇ ਹਨ ਪਰ ਤਨਖਾਹ ਸਮੇਂ ਸਾਡੇ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਦੇ ਹਨ॥ ਅਧਿਆਪਕਾਂ ਨੇ ਦੱਸਿਆ ਕਿ ਉਹਨਾਂ ਨੂੰ ਪ੍ਰਾਈਵੇਟ ਘਰਾਣਿਆਂ ਰਾਹੀ ਸਰਕਾਰੀ ਸਕੂਲਾਂ ਚ ਰੱਖਿਆ ਗਿਆ ਹੈ ਤੇ ਕੋਈ ਵੀ ਜੌਬ ਸਕਿਊਰਟੀ ਅਤੇ ਟਰਾਸਫਰ ਪਾਲਿਸੀ ਨਹੀ ਹੈ॥ ਇਸ ਮੌਕੇ ਡਾਕਟਰ ਗੁਰਪ੍ਰੀਤ ਕੌਰ ਜੀ ਨੇ ਕਿਹਾ ਕਿ ਜਲਦ ਮੰਗਾ ਦਾ ਹੱਲ ਕਰਾਂਗੇ ॥ਇਸ ਮੌਕੇ ਅਧਿਆਪਕ ਯੂਨੀਅਨ ਵੱਲੋ ਗੁਰਪ੍ਰੀਤ ਸਿੰਘ ਅਤੇ ਸਿਮਰਨਦੀਪ ਕੌਰ ਜੀ ਆਦਿ ਹਾਜ਼ਰ ਸਨ।

# ਅਸਲ ਸਨਮਾਨ ਪੱਤਰ ਉਹ, ਜਿਸ ਵਿਚ ਜਨਤਾ ਜਨਾਰਧਨ ਦਾ ਪਿਆਰ : ਪੀ.ਸੀ. ਕੁਮਾਰ

ਫ਼ਿਰੋਜ਼ਪੁਰ, 4 ਜੁਲਾਈ (ਮਨੋਹਰ ਲਾਲ):— ਭਾਰਤ ਦਾ ਵਫਾਦਾਰ ਨਾਗਰਿਕ ਜਨਤਾ ਦਾ ਸੇਵਕ, ਸ਼ਹੀਦ ਪਰਿਵਾਰ ਦੀ ਅੰਸ ਸ੍ਰੀ ਪੀ.ਸੀ ਕੁਮਾਰ ਸਿਹਤ ਤੇ ਪਰਿਵਾਰ ਭਲਾਈ ਦਾ ਇਕ ਹੋਣਹਾਰ ਵਫਾਦਾਰ ਅਧਿਕਾਰੀ ਕਰਮਚਾਰੀ, ਸੇਵਾ ਮੁਕਤ ਮਾਸ ਮੀਡੀਆ ਅਫਸਰ ਸਿਵਲ ਸਰਜਨ ਦਫ਼ਤਰ ਫ਼ਿਰੋਜ਼ਪੁਰ, ਸੀਨੀਅਰ ਸਿਟੀਜਨ, ਸਮਾਜ ਸੁਧਾਰਕ, ਐਕਸ ਮੀਤ ਪ੍ਰਧਾਨ ਨਗਰ ਕੌਂਸਲ ਫ਼ਿਰੋਜ਼ਪੁਰ ਆਜ਼ਾਦ ਐਮ.ਸੀ ਜ਼ਿਲ੍ਹਾ ਫ਼ਿਰੋਜ਼ਪੁਰ ਐਨ.ਜੀ.ਓਜ਼ ਕੋਆਰਡੀਨੇਸ਼ਨ ਕਮੇਟੀ ਪੰਜਾਬ ਐਨ.ਜੀ.ਓਜ਼ ਸਮਾਜ ਸੇਵੀ ਸੰਸਥਾ ਸਦਾਵਰਤ ਪੰਚਾਇਤੀ ਦੇ 1981 ਤੋਂ ਚਲੇ ਆ ਰਹੇ ਮੁੱਖ ਕਾਰਜ ਕਰਤਾ ਸੇਵਕ ਜਿਨ੍ਹਾਂ ਨੇ ਨੌਕਰੀ ਦੌਰਾਨ ਇਕ ਲਈਅਨ ਅਫਸਰ, ਮਾਸ ਮੀਡੀਆ ਅਫਸਰ ਹੋਣ ਦਾ ਮਾਨ, ਸਨਮਾਨ, ਜਨਤਾ ਤੇ ਸਰਕਾਰ ਵਿਚ ਇਕ ਕੜੀ ਦਾ ਕੰਮ ਕਰ ਇਕ ਆਪਣੀ ਨਹੀਂ ਮਹਿਕਮੇ ਦੀ ਪਹਿਚਾਨ, ਪੰਜਾਬ ਨਹੀਂ ਭਾਰਤ ਵਿਚ ਬਨਾਈ, ਉਸ ਨੂੰ ਅੱਜ ਵੀ ਮਾਨ ਹੈ ਕਿ ਸੇਵਾ ਮੁਕਤੀ ਮਗਰੋਂ ਹੋਰ ਜ਼ੋਰ ਸ਼ੋਰ ਲਗਨ ਉਤਸ਼ਾਹ ਨਾਲ ਕੰਮ ਕਰਕੇ ਉਸੇ ਤਰ੍ਹਾਂ ਤਨ ਦੇਹੀ ਨਾਲ ਸਾਰਿਆਂ ਮਹਿਕਮਿਆਂ ਇਥੋਂ ਤੱਕ ਸਿਵਲ ਹੀ ਨਹੀਂ ਬਲਕਿ ਨਿਆਂਏ ਪਾਲਿਕਾ ਦੀ ਮਾਨਯੋਗ ਸੁਪਰੀਮ ਕੋਰਟ ਵਿਚ ਵੀ ਦਾਸ ਨੂੰ ਸਮਾਜ ਸੇਵਕ ਹੋਣ ਦੇ ਨਾਤੇ ਭਾਗੀਦਾਰੀ ਇਕ ਲੋਕ ਅਦਾਲਤ ਮੈਂਬਰ ਹੋਣ ਦੇ ਨਾਤੇ ਤੇ ਇਕ ਸਮਾਜ ਸੁਧਾਰ, ਸ਼ਿਕਾਇਤ ਨਿਵਾਰਨ ਪਰਿਵਾਰਕ, ਦੀਵਾਨੀ, ਘੱਟ ਆਬਾਦੀ, ਪਛੜੀਆਂ ਜਾਤੀਆਂ ਆਦਿ ਕਮੇਟੀਆਂ ਵਿਚ ਭਾਗੀਦਾਰੀ ਕਰ ਜਿਥੇ ਹਜ਼ਾਰਾਂ ਘਰ ਵਸਾਏ, ਉਥੇ ਲੱਖਾਂ—ਕਰੋੜਾਂ ਦਾ ਦੀਵਾਨੀ ਦਾਵਿਆਂ ਤੇ ਆਪਸੀ ਰੰਜਸ਼ ਖਤਮ ਕਰ ਕਚਹਿਰੀ ਕੋਰਟਾਂ ਆਦਿ ਦੇ ਕੰਮ ਵਿਚ ਮੱਦਦ ਕਰ ਜਨਤਾ ਜਨਾਰਧਨ ਨੂੰ ਹਰ ਤਰ੍ਹਾਂ ਦੀਆਂ ਆ ਰਹੀਆਂ ਦਾ ਹੈ ਉਹ ਕਿਸੇ ਦੀਆਂ ਜਾਤੀ ਸਮਾਜ ਦੇਸ਼ ਦੁਨੀਆਂ ਦੀ ਹਰ ਜਨਮ ਤੋਂ ਹੀ ਵਿਰਸੇ ਵਿਚ ਨਾਮ ਜਪੋ, ਕਿਰਤ ਕਰੋ, ਵੰਡ ਸ਼ਕੋ ਚੰਗੇ ਘਰ ਵਿਚ ਬੱਚੇ ਸਕੂਲ ਵਿਚ ਵਿਦਿਆਰਥੀ, ਸਮਾਜ ਦੇਸ਼ ਦੁਨੀਆਂ ਦੇ ਚੰਗੇ ਸ਼ਹਿਰੀ ਬਨਣ ਬਨਾਉਣ ਦੇ ਮੁੱਖ ਮੁੱਦੇ ਨੇ ਇਕ ਜੀਵਨ ਦਾ ਅਨਿਖੜਵਾ ਅੰਗ ਬਨਾ 1981 ਨੌਕਰੀ ਦੌਰਾਨ ਤੋਂ ਲੈ ਕੇ ਹੁਣ 84 ਸਾਲ ਪਾਰ ਉਮਰ ਵਿਚ ਵੀ ਰੋਜ਼ਾਨਾ ਕਿਸੇ ਨਾ ਕਿਸੇ ਸਕੂਲ, ਸਰਕਾਰੀ ਅਰਧ ਸਰਕਾਰੀ ਪ੍ਰਾਈਵੇਟ ਸ਼ਹਿਰ ਪਿੰਡ ਵਿਚ ਰੋਜ਼ਾਨਾ ਸੁਭਾ ਦੀ ਪ੍ਰਾਰਥਣਾ ਵਿਚ ਜਿਥੇ ਨੈਤਿਕਤਾ ਦਾ ਪਾਠ ਉੱਠੀ ਸਰੀਰਕ, ਮਾਨਸਿਕ, ਸਮਾਜਿਕ ਤੰਦਰੁਸਤੀ, ਦੇਸ਼ ਦੀ ਏਕਤਾ ਨਹੀਂ ਦੁਨੀਆਂ ਦੀ ਨਹੀਂ ਬਲਕਿ ਸਮੁੱਚੀ ਸ੍ਰਿਸ਼ਟੀ ਤੇ ਗਊ ਮਾਤਾ ਜਿਨ੍ਹਾਂ ਵਿਚ 33 ਕਰੋੜ ਦੇਵਤੇ ਵਾਸ਼ ਕਰਦੇ ਹਨ, ਜੀਵ ਨਿਰਜੀਵਾਦ ਦੀ ਅਖੰਡਤਾ ਭਾਈਚਾਰੇ ਦਾ ਸੰਦੇਸ਼ ਦਿੰਦੇ ਹੋਏ ਅੱਜ ਫਖਰ ਨਾਲ ਕਰ ਸਕਦਾ ਹੈ, ਜ਼ੋ ਮੈਂ ਕਰ ਸਕਦਾ ਸੀ, ਹਾਂ, ਕਰਾਂਗਾ ਦੇ ਨਿਸਚੇ ਨਾਲ ਹਜ਼ਾਰਾਂ ਨਹੀਂ ਲੱਖਾਂ ਨਹੀਂ ਕਰੋੜਾਂ ਤੋਂ ਵੱਧ ਸਿਰਫ ਇਸ ਇਲਾਕੇ, ਪੰਜਾਬ, ਭਾਰਤ ਨਹੀਂ ਬਲਕਿ ਬਾਹਰਲੇ ਦੇਸ਼ਾਂ ਵਿਚ ਹੀ ਜ਼ੋ 1981 ਵਿਚ ਬੱਚੇ ਸਨ ਪ੍ਰ: ਸਕੂਲ ਦੇ ਅੱਜ ਉਹ ਪਿਓ ਦਾ ਮਾਨ ਤਾਂ ਸਾਰੇ ਪ੍ਰਾਪਤ ਕਰ ਚੁੱਕੇ ਹਨ, ਬਹੁਤੇ ਦਾਦੇ ਵੀ ਬਣ ਚੁੱਕੇ ਹਨ, ਅੱਜ ਕਹਿੰਦੇ ਸੁਨੀਦੇ ਹਨ ਕੁਮਾਰ ਅਸੀਂ ਬੁੱਢੇ ਹੋ ਗਏ ਹਾਂ, ਤੁਸੀਂ ਅੱਜ ਵੀ ਜਿਥੇ ਸਾਡਾ ਬਚਪਨ ਵਿਚ ਮਾਰਗ ਦਰਸ਼ਨ ਕਰ ਚੰਗੇ ਗੁਣਾਂ ਦੇ ਧਾਰਲੀ, ਸੁਖੀ ਪਰਿਵਾਰ, ਸਮਾਜ, ਦੇਸ਼, ਦੁਨੀਆਂ ਨੂੰ ਬਨਾਉਣ ਵਿਚ ਯੋਗਦਾਨ ਪਾਇਆ ਅੱਜ ਨਾ ਕੇਵਲ ਆਪਣੇ ਪੁੱਤਰਾਂ ਨੂੰ ਬਲਕਿ ਪੋਤਰੇ, ਪੋਤਰੀਆਂ ਨੂੰ ਵੀ ਸਕੂਲਾਂ ਵਿਚ ਆਮ ਧਾਰਮਿਕ, ਸਮਾਜਿਕ, ਰਾਜਨੀਤਕ ਇਥੋਂ ਤੱਕ ਜ਼ੋ ਬੀੜਾ ਤੁਸੀਂ ਹਰ ਅੰਤਮ ਮੰਜਲ ਤੋਂ ਲੈ ਕੇ ਭੋਗ ਅਰਦਾਸ ਤੱਕ 1981 ਤੋਂ ਲੈ ਕੇ ਹੁਣ ਤੱਕ ਹਰ ਇਕ ਦੀ ਮੰਜਿਲ ਵਿਚ ਸ਼ਾਮਲ ਹੋਣਾ ਹਰ ਲੋੜਵੰਦ ਦੀ ਮੱਦਦ ਕਰਨਾ, ਇਥੋਂ ਤੱਕ ਲੋੜਵੰਦਾਂ ਵਿਧਵਾ ਬੇਸਹਾਰਾ, ਬਜ਼ੁਰਗਾਂ, ਅਨਾਥ ਅਪਾਹਜ ਅੰਗ ਹੀਨ ਹਰ ਲੋੜਵੰਦ ਖਾਸ, ਤੌਰ ਸਰਕਾਰਾਂ ਵੀ ਨਹੀਂ ਪਹੁੰਚਿਆ ਤੁਸੀਂ ਇਸ ਸੰਸਥਾ ਸਦਾਵਰਤ ਪੰਚਾਇਤੀ ਜ਼ੋ ਇਨ੍ਹਾਂ ਸੇਵਾਵਾਂ ਸਦਕਾ 1914 ਵਿਚ ਹੋਂਦ ਵਿਚ ਆਈ ਜਦੋਂ 1981 ਤੋਂ ਇਸ ਦਾ ਬੀੜਾ ਚੁਕਿਆ ਸਾਥੀਆਂ, ਜਨਤਾ ਜਨਾਰਧਨ, ਸਰਕਾਰੀ ਗੈਰ ਸਰਕਾਰੀ ਪ੍ਰਾਈਵੇਟ ਮੱਦਦ ਨਾਲ ਅੱਜ ਤੱਕ ਰੋਜ਼ਾਨਾ ਹਸਪਤਾਲਾਂ ਵਿਚ ਇਕ ਦਾ ਤਨ ਤੋਂ ਸੇਵਾ ਸੁਰੂਕਰ ਅੱਜ ਹਰ ਮਹੀਨੇ 100 ਤੋਂ ਵੱਧ ਮਾਲੀ ਮੱਦਦ ਹੀ ਨਹੀਂ ਬਲਕਿ ਹਰ ਤਰ੍ਹਾਂ ਦੇ ਖੇਤਰ ਵਿਚ ਤੁਸੀਂ ਤਤਪਰ ਇਕ ਗਨੀਮਤ ਵਰਦਾਨ ਫਖਰ ਜਿਥੇ ਤੁਸੀਂ ਜਾਂਦੇ ਹੋ ਤੁਹਾਨੂੰ ਆਪਣਾ ਜਾਂ ਤੁਹਾਡੇ ਜੀਵਨ ਸਾਥੀ ਦਰਸ਼ਨਾ ਦੇਵੀ ਜ਼ੋ ਇਸੇ ਤਰ੍ਹਾਂ ਦੇ ਪਰਿਵਾਰ ਜਿਸ ਤਰ੍ਹਾਂ ਦਾ ਜਨਮ ਤੋਂ ਤੁਹਾਨੂੰ ਮਿਲਿਆ, ਇਕ ਟੀਚਰ ਹੋਣ ਦਾ ਮਾਨ ਨੇ ਲੱਖਾਂ ਬੱਚਿਆਂ ਨੂੰ ਡੀ.ਸੀ ਤਾਂ ਨਹੀਂ ਭਾਵੇ ਪਰ ਇਕ ਚੰਗਾ ਇਨਸਾਨ ਬਨਾਉਣ ਉਨ੍ਹਾਂ ਦੀ ਹੀ ਕਦਰ ਨਹੀਂ ਮੈਨੂੰ ਉਨ੍ਹਾਂ ਦਾ ਘਰਵਾਲਾ ਪੈਰਾਂ ਨੂੰ ਹਣ ਤੱਕ ਦਾ ਮਾਨ ਮਿਲ ਰਿਹਾ ਹੈ।



ਆਵਾਜ਼ਿ ਕੌਮ AWAZE QAUM International Newspaper & WEB TV

### ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ ਵਿਖੇ

# ਇੰਟਲੈਕਚੁਅਲ ਪ੍ਰਾਪਰਟੀ ਰੀਜ਼ੀਮ ਵਿਸ਼ੇ ’ਤੇ ਨੈਸ਼ਨਲ ਵੈਬੀਨਾਰ ਅਯੋਜਿਤ

**ਤਲਵੰਡੀ ਸਾਬੋ, 04 ਜੁਲਾਈ (ਗੁਰਜੰਟ ਸਿੰਘ ਨਥੇਹਾ)**- ਪੰਜਾਬੀ ਯੂਨੀਵਰਸਿਟੀ ਕੈਂਪਸ ਤਲਵੰਡੀ ਸਾਬੋ ਦੀ ਨਾਮਵਰ ਸੰਸਥਾ ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ ਦੇ ਆਈ.ਪੀ.ਆਰ ਕਲੱਬ ਵੱਲੋਂ ਵਿਦਿਆਰਥੀਆਂ, ਫੈਕਲਟੀ ਅਤੇ ਰਿਸਰਚ ਸਕਾਲਰਾਂ ਲਈ ਆਪਣੇ ਇਨਵੈਨਸਨ (ਨਵੀਂ ਕਾਢ) ਅਤੇ ਡਿਜਾਇਨ ਨੂੰ ਸੁਰੱਖਿਅਤ ਕਰਨ ਸਬੰਧੀ ਜਾਗਰੂਕਤਾ ਲਿਆਉਣ ਲਈ ਪ੍ਰੋਟੈਕਸ਼ਨ ਆਫ਼ ਇਵੈਸ਼ਨਜ ਅਤੇ ਡਿਜਾਇਨਜ ਅੰਡਰ ਆਈ.ਪੀ. ਰੀਜੀਮ ਵਿਸ਼ੇ ’ਤੇ ਨੈਸ਼ਨਲ ਵੈਬੀਨਾਰ ਦਾ ਸਫ਼ਲਤਾਪੂਰਵਕ ਆਯੋਜਨ ਕੀਤਾ ਗਿਆ। ਵਿਭਾਗ ਦੇ ਮੁਖੀ ਡਾ. ਸਿੰਪਲ ਜਿੰਦਲ ਨੇ ਮਾਹਰ-ਬੁਲਾਰੇ ਡਾ. ਬਲਵਿੰਦਰ ਸਿੰਘ ਸੂਚ (ਪ੍ਰੋਫੈਸਰ ਤੇ ਮੁਖੀ, ਬਾਇਉਨਟੈਕਨਾਲੋਜੀ ਅਤੇ ਫੂਡ ਟੈਕਨਾਲੋਜੀ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਸੁਆਗਤ ਕਰਦਿਆਂ ਦੱਸਿਆ ਕਿ ਵਿਭਾਗ ਵੱਲੋਂ ਇਸ ਤਰ੍ਹਾਂ ਦੇ ਪ੍ਰੋਗਰਾਮ ਸਮੇਂ-ਸਮੇਂ ’ਤੇ ਆਯੋਜਿਤ ਕੀਤੇ ਜਾਂਦੇ ਹਨ ਤਾਂ ਜੋ ਵਿਦਿਆਰਥੀਆਂ, ਫੈਕਲਟੀ ਅਤੇ ਖੋਜਾਰਥੀਆਂ ਦਾ ਬਹੁਮੁਖੀ ਵਿਕਾਸ ਹੋ ਸਕੇ। ਵੈਬੀਨਾਰ ਦਾ ਪ੍ਰਧਾਨਗੀ ਭਾਸ਼ਣ ਦਿੰਦਿਆਂ ਕੈਂਪਸ ਡਾਇਰੈਕਟਰ ਡਾ. ਕਮਲਜੀਤ ਸਿੰਘ ਨੇ ਡਾ. ਸੂਚ ਨੂੰ ਉਚੇਰੇ ਤੌਰ ’ਤੇ ਜੀ ਆਇਆਂ ਆਖਿਆ ਅਤੇ ਵਿਦਿਆਰਥੀਆਂ ਤੇ ਰਿਸਰਚ ਸਕਾਲਰਾਂ ਲਈ ਇਸ ਤਰ੍ਹਾਂ ਦੇ ਪ੍ਰੋਗਰਾਮ ਕਰਵਉਣ ਲਈ ਵਿਭਾਗ ਦੀ ਸ਼ਲਾਘਾ ਕੀਤੀ। ਇਸ ਉਪਰੰਤ ਡਾ. ਬਲਵਿੰਦਰ ਸਿੰਘ ਸੂਚ ਵੱਲੋਂ ਪ੍ਰੋਫੈਕਸ਼ਨ ਆਫ਼ ਇਵੈਨਸ਼ਨਜ ਅਤੇ ਡਿਜਾਇਨਜ ਅੰਡਰ ਆਈ.ਪੀ.ਰੀਜੀਮ ਵਿਸ਼ੇ ’ਤੇ ਨੈਸ਼ਨਲ ਵੈਬੀਨਾਰ ਦੇ ਸਿਰਲੇਖ ਅਨੁਸਾਰ ਇਨਵੈਨਸ਼ਨ ਤੇ ਡਿਜਾਇਨ ਦੇ ਪ੍ਰੋਟੈਕਸ਼ਨ ਦੀ ਮਹੱਤਤਾ ਅਤੇ ਰਜਿਸਟੇਰਸ਼ਨ ਸਬੰਧੀ ਜਰੂਰੀ ਗੱਲਾਂ ਸਾਝੀਆਂ ਕੀਤੀਆਂ ਅਤੇ ਪੇਟੈਂਟ, ਕਾਪੀਰਾਈਟ, ਜੀ.ਆਈ., ਟਰੇਡਮਾਰਕ, ਡਿਜਾਇਨ ਆਦਿ ਦੀ ਪ੍ਰੋਟੈਕਸ਼ਨ ਸਬੰਧੀ ਵਿਸਥਾਰਿਤ ਜਾਣਕਾਰੀ ਦਿੱਤੀ।ਉਹਨਾਂ ਨੇ ਭਾਗ ਲੈ ਰਹੇ ਪ੍ਰਤੀਭਾਗੀਆਂ ਵੱਲੋਂ ਪੁੱਛੇ ਗਏ ਪ੍ਰਸ਼ਨਾਂ ਦੇ ਜਵਾਬ ਵੀ ਦਿੱਤੇ। ਅੰਤ ਵਿੱਚ ਆਈ.ਪੀ.ਆਰ ਕਲੱਬ ਦੇ ਪ੍ਰਧਾਨ, ਪ੍ਰੋ. ਸੁਨੀਲ ਬਾਘਲਾ, ਸਹਾਇਕ ਪ੍ਰੋਫੈਸਰ ਵੱਲੋਂ ਨੈਸ਼ਨਲ ਵੈਬੀਨਾਰ ਵਿੱਚ ਸ਼ਾਮਲ ਹੋਣ ਤੇ ਅਹੁਦੇਦਾਰਾਂ, ਐਕਸਪਰਟ ਸਹਿਬਾਨ ਅਤੇ ਪ੍ਰਤੀਭਾਗੀਆਂ ਦਾ ਧੰਨਵਾਦ ਕੀਤਾ। ਵੈਬੀਨਾਰ ਦਾ ਸੰਚਾਲਨ ਡਾ. ਰਾਜਭੁਪਿੰਦਰ ਕੌਰ ਸਹਾਇਕ ਪ੍ਰੋਫੈਸਰ ਵੱਲੋਂ ਕੀਤਾ ਗਿਆ। ਇਸ ਨੈਸ਼ਨਲ ਵੈਬੀਨਾਰ ਵਿੱਚ ਵੱਖ-ਵੱਖ ਰਾਜਾਂ ਦੇ 100 ਤੋਂ ਵੀ ਵੱਧ ਪ੍ਰਤੀਭਾਗੀਆਂ ਨੇ ਭਾਗ ਲਿਆ।




ਆਵਾਜ਼ਿ ਕੌਮ AWAZE QAUM International Newspaper & WEB TV

# ਮੋਟਰਸਾਈਕਲ ਖੋਹਣ ਵਾਲਾ ਵਿਅਕਤੀ ਗ੍ਰਿਫ਼ਤਾਰ



**ਚੌਕ ਮਹਿਤਾ, 4 ਜੁਲਾਈ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪਿੰਡ ਬੁਤਾਲਾ ਤੋਂ ਮੋਟਰਸਾਈਕਲ ਖੋਹਣ ਵਾਲੇ ਵਿਅਕਤੀ ਦੀ ਪਛਾਣ ਕੈਪਟਨ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਉਦੋਂ ਨੰਗਲ ਨੂੰ ਗ੍ਰਿਫਤਾਰ ਕਰ ਲਿਆ ਗਿਆ।ਇਸ ਸਬੰਧੀ ਚੌਕੀ ਇੰਚਾਰਜ ਸਤਨਾਮ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹਨਾਂ ਨੇ 13.2.2024 ਨੂੰ ਪਿੰਡ ਬੁਤਾਲੇ ਤੋਂ ਮੋਟਰਸਾਈਕਲ ਖੋਹ ਕੇ ਫ਼ਰਾਰ ਹੋ ਗਏ ਸੀ। ਉਨ੍ਹਾਂ ਦੱਸਿਆ ਇਸ ਤੋਂ ਪਹਿਲਾਂ ਇਸਦੇ ਇੱਕ ਸਾਥੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ ਜਿਸ ਦੀ ਪਛਾਣ ਸ਼ਮਸ਼ੇਰ ਸਿੰਘ ਸ਼ੇਰਾ ਪੁੱਤਰ ਪ੍ਰਮਜੀਤ ਸਿੰਘ ਵਾਸੀ ਚੰਨਣਕੇ ਵੱਜੋਂ ਹੋਈ ਸੀ।ਇਹ ਉਸ ਸਮੇਂ ਫ਼ਰਾਰ ਹੋ ਗਿਆ ਸੀ। ਹੁਣ ਇਸ ਨੂੰ ਵੀ ਗ੍ਰਿਫਤਾਰ ਕਰਕੇ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਜੇਲ੍ਹ ਭੇਜ ਦਿੱਤਾ ਗਿਆ।ਇਸ ਮੌਕੇ ਏ ਐਸ ਆਈ ਗੁਰਦੇਵ ਸਿੰਘ, ਹੋਲਦਾਰ ਦਲਜੀਤ ਸਿੰਘ, ਹੋਲਦਾਰ ਬੂਟਾ ਸਿੰਘ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਗੁਰੂ ਕਾਸ਼ੀ ਯੂਨੀਵਰਸਿਟੀ ਦੀ ਖਿਡਾਰਨ ਮੈਸੂਮ ਸਿੰਘੀ ਬਣੀ ਮਲੇਸ਼ੀਆ ਕਰਾਟੇ ਚੈਂਪੀਅਨ

ਤਲਵੰਡੀ ਸਾਬੋ, 04 ਜੁਲਾਈ (ਗੁਰਜੰਟ ਸਿੰਘ ਨਥੇਹਾ)- ਗੁਰੂ ਕਾਸ਼ੀ ਯੂਨੀਵਰਸਿਟੀ ਦੀ ਖਿਡਾਰਨ ਮੈਸੂਮ ਸਿੰਘੀ ਨੇ ਕੁਆਲਲਮਪੁਰ, ਮਲੇਸ਼ੀਆ ਵਿਖੇ ਸਮਾਪਤ ਹੋਈ ਕਰਾਟੇ ਚੈਂਪੀਅਨਸ਼ਿਪ ਦੇ ਕਾਤਾ ਵਿਅਕਤੀਗਤ ਇਵੈਂਟ ਵਿੱਚ ਮੇਜ਼ਬਾਨ ਦੇਸ਼ ਦੀ ਖਿਡਾਰਨ ਨਿਵਾ ਗਤਾਲਟ ਨੂੰ ਹਰਾ ਕੇ ਸੋਨ ਤਗਮੇ ‘ਤੇ ਪੰਚ ਮਾਰਿਆ ਅਤੇ ਕਰਾਟੇ ਚੈਂਪੀਅਨ ਦਾ ਖਿਤਾਬ ਹਾਸਿਲ ਕੀਤਾ। ਖਿਡਾਰਨ ਦੀ ਇਸ ਪ੍ਰਾਪਤੀ ‘ਤੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਉਪ ਕੁਲਪਤੀ ਪ੍ਰੋ. (ਡਾ.) ਐਸ.ਕੇ.ਬਾਵਾ ਨੇ ਕਿਹਾ ਕਿ ਮੈਸੂਮ ਨੇ ਸੋਨ ਤਗਮਾ ਜਿੱਤ ਕੇ ‘ਵਰਸਿਟੀ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ।ਉਨ੍ਹਾਂ ਇਸ ਪ੍ਰਾਪਤੀ ਦਾ ਸਿਹਰਾ ‘ਵਰਸਿਟੀ ਪ੍ਰਬੰਧਕਾਂ ਵੱਲੋਂ ਦਿੱਤੀ ਜਾ ਰਹੀ ਉੱਤਮ ਕੋਚਿੰਗ ਤੇ ‘ਵਰਸਿਟੀ ਵੱਲੋਂ ਉਪਲਬਧ ਕਰਵਾਈਆਂ ਜਾ ਰਹੀਆਂ ਖੇਡ ਸਹੂਲਤਾਂ, ਡਾ. ਬਲਵਿੰਦਰ ਕੁਮਾਰ ਸ਼ਰਮਾ, ਨਿਰਦੇਸ਼ਕ ਖੇਡਾਂ ਦੀ ਯੋਗ ਅਗਵਾਈ, ਕੋਚ ਸਿਮਰਨਜੀਤ ਸਿੰਘ ਬਰਾੜ ਦੀ ਕੋਚਿੰਗ, ਖਿਡਾਰਨ ਦੀ ਸਖ਼ਤ ਮਿਹਨਤ ਅਤੇ ਅਭਿਆਸ ਨੂੰ ਦਿੱਤਾ। ਉਨ੍ਹਾਂ ਦੱਸਿਆ ਕਿ ਜੀ.ਕੇ.ਯੂ. ਉੱਭਰ ਰਹੇ ਖਿਡਾਰੀਆਂ ਦੀ ਖੇਡ ਕਲਾ ਤੇ ਕੋਸ਼ਲ ਨੂੰ ਨਿਖਾਰਨ, ਸੰਵਾਰਨ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ।ਜਿਸ ਦੇ ਨਤੀਜੇ ਵਜੋਂ ‘ਵਰਸਿਟੀ ਦੇ ਖਿਡਾਰੀਆਂ ਅਤੇ ਖਿਡਾਰਨਾਂ ਨੇ ਅੰਤਰ-ਰਾਸ਼ਟਰੀ ਅਤੇ ਰਾਸ਼ਟਰੀ ਪੱਧਰ ‘ਤੇ ਆਪਣੀ ਖੇਡ ਕਲਾ ਦਾ ਲੋਹਾ ਮਨਵਾਇਆ ਹੈ। ਉਨ੍ਹਾਂ ਖਿਡਾਰੀਆਂ ਨੂੰ ਆਪਣੇ ਟੀਚੇ ਹੋਰ ਉੱਚੇ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਡਾ. ਸ਼ਰਮਾ ਨੇ ਮੈਸੂਮ ਦੇ ਅਭਿਆਸ ਦੀ ਗੱਲ ਕਰਦਿਆਂ ਦੱਸਿਆ ਕਿ ਖਿਡਾਰਨ ਆਉਣ ਵਾਲੀਆਂ ਕਾਮਨਵੈਲਥ ਖੇਡਾਂ ਲਈ ਤੁਰਕੀਏ ਵਿਖੇ ਵਿਸ਼ੇਸ਼ ਕੋਚਿੰਗ ਲੈ ਰਹੀ ਹੈ। ਉਨ੍ਹਾਂ ਖਿਡਾਰਨ ਨੂੰ ਇਨ੍ਹਾਂ ਖੇਡਾਂ ਲਈ ਸ਼ੁਭ ਕਾਮਨਾਵਾਂ ਭੇਟ ਕੀਤੀਆਂ। ਕੋਚ ਸਿਮਰਨ ਬਰਾੜ ਨੇ ਦੱਸਿਆ ਕਿ ਕਰਾਟੇ ਖੇਡ, ਖੇਡ ਤੋਂ ਇਲਾਵਾ ਲੜਕੀਆਂ ਲਈ ਆਤਮ-ਰੱਖਿਆ ਦਾ ਉੱਤਮ ਸਾਧਨ ਹੈ ਅਤੇ ਇਸ ਖੇਡ ਰਾਹੀਂ ਖਿਡਾਰੀ ਸ਼ਰੀਰਿਕ ਪੱਖੋਂ ਤੰਦਰੁਸਤ ਅਤੇ ਮਾਨਸਿਕ ਪੱਖੋਂ ਜਾਗਰੂਕ ਰਹਿੰਦਾ ਹੈ।




# ਲੋਕਾਂ ਦੀ ਨਿਰੋਈ ਸਿਹਤ ਲਈ ਹਮੇਸ਼ਾਂ ਹੀ ਵਚਨਬੱਧ ਹੈ ਸਿਹਤ ਵਿਭਾਗ: ਸਿਵਲ ਸਰਜਨ ਡਾ ਭਾਰਤ ਭੂਸ਼ਣ



**ਚੌਕ ਮਹਿਤਾ, 4 ਜੁਲਾਈ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਿਹਤ ਵਿਭਾਗ ਤਰਨਤਾਰਨ ਲੋਕਾਂ ਦੀ ਨਿਰੋਈ ਸਿਹਤ ਲਈ ਹਮੇਸ਼ਾਂ ਹੀ ਵਚਨਬੱਧ ਹੈ। ਇਸ ਮਕਸਦ ਦੀ ਪੂਰਤੀ ਲਈ ਅੱਜ ਸਿਵਲ ਸਰਜਨ ਤਰਨਤਾਰਨ ਡਾ ਭਾਰਤ ਭੂਸ਼ਣ ਜੀ ਵਲੋ ਜਿਲ੍ਹੇ ਭਰ ਵਿਚ ਵੱਖ-ਵੱਖ ਸਿਹਤ ਸੰਸਥਾਵਾਂ ਦਾ ਅਚਨਚੇਤ ਨਿਰੀਖਣ ਕੀਤਾ ਗਿਆ। ਇਸ ਦੌਰਾਨ ਸਮੂਹਿਕ ਸਿਹਤ ਕੇਂਦਰ ਸਰਹਾਲੀ ਵਿਖੇ ਐਮਰਜੈਂਸੀ ਸੇਵਾਵਾਂ, ਓ.ਪੀ.ਡੀ. ਸੇਵਾਵਾਂ, ਦਵਾਈਆਂ, ਲੈਬ ਟੈਸਟ ਅਤੇ ਵਾਰਡਾਂ ਦੀ ਜਾਂਚ ਕੀਤੀ ਗਈ। ਇਸ ਦੌਰਾਣ ਐਮਰਜੈਂਸੀ ਵਿਭਾਗ, ਇੰਡੋਰ ਵਾਰਡਾਂ ਵਿਚ ਮਰੀਜਾਂ ਕੋਲੋ ਵੀ ਪੁਛ-ਗਿਛ ਕੀਤੀ ਗਈ ਅਤੇ ਸੰਬਧਤ ਸਟਾਫ ਨੂੰ ਮੌਕੇ ਤੇ ਹੋਰ ਬੇਹਤਰ ਸੇਵਾਵਾਂ ਦੇਣ ਸੰਬਧੀ ਹਿਦਾਇਤਾਂ ਦਿੱਤੀਆਂ ਗਈਆ। ਇਸ ਉਪਰੰਤ ਉਹਨਾਂ ਵਲੋਂ ਆਮ ਆਦਮੀਂ ਕਲੀਨਿਕ ਮੋਹਨਪੁਰਾ ਅਤੇ ਆਮ ਆਦਮੀਂ ਕਲੀਨਿਕ ਫਤਿਆਬਾਦ ਵਿਖੇ ਸਮੂਹ ਸਟਾਫ ਨੂੰ ਸਮੇਂ ਦੇ ਪਾਬੰਦ ਰਹਿਣ, ਸਾਫ ਸਫਾਈ ਦਾ ਧਿਆਨ ਰੱਖਣ, ਮਰੀਜਾਂ ਨਾਲ ਚੰਗਾ ਵਿਵਹਾਰ ਕਰਨ ਅਤੇ ਸੇਵਾ ਭਾਵ ਨਾਲ ਕੰਮ ਕਰਨ ਲਈ ਕਿਹਾ। ਇਸ ਮੌਕੇ ਡਾ ਅਮਨਦੀਪ ਸਿੰਘ ਅਤੇ ਜਿਲਾ੍ ਐਮ.ਈ.ਆਈ.ਓ. ਅਮਰਦੀਪ ਸਿੰਘ ਹਾਜਰ ਸਨ।

ਆਪ ਦੀ ਸਰਕਾਰ ਆਪ ਦੇ ਦੁਆਰ ਤਹਿਤ ਲਗਾਏ ਜਾ ਰਹੇ ਕੈਂਪਾਂ ਵਿੱਚ ਲੋਕਾਂ ਨੂੰ ਮਿਲ ਰਹੀਆਂ ਹਨ ਸਾਰੀਆਂ ਸਰਕਾਰੀ ਸਹੂਲਤਾਂ—ਡਿਪਟੀ ਕਮਿਸ਼ਨਰ

# ਕੈਂਪ ਲੱਗਣ ਨਾਲ ਲੋਕਾਂ ਦੇ ਪੈਸੇ ਅਤੇ ਸਮੇਂ ਦੀ ਹੋ ਰਹੀ ਬਚਤ



ਜੰਡਿਆਲਾ ਗੁਰੂ 4 ਜੁਲਾਈ ( ਕੁਲਵੰਤ ਸਿੰਘ ਵਿਰਦੀ) ਪੰਜਾਬ ਸਰਕਾਰ ਵੱਲੋਂ ਆਪ ਦੀ ਸਰਕਾਰ ਆਪ ਦੇ ਦੁਆਰ ਤਹਿਤ ਪਿੰਡਾਂ ਤੇ ਸ਼ਹਿਰਾਂ ਦੇ ਲੋਕਾਂ ਨੂੰ ਇੱਕੋ ਛੱਤ ਹੇਠ ਵੱਖ ?ਵੱਖ ਸੇਵਾਵਾਂ ਮੁਹੱਈਆ ਕਰਵਾਉਣ ਅਤੇ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਲਗਾਏ ਜਾ ਰਹੇ ਕੈਂਪਾਂ ਨੂੰ ਜ਼ਿਲ੍ਹੇ ਦੇ ਲੋਕਾਂ ਦਾ ਭਰਵਾਂ ਸਹਿਯੋਗ ਮਿਲ ਰਿਹਾ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ੍ਰੀ ਘਨਸ਼ਾਮ ਥੋਰੀ ਨੇ ਦੱਸਿਆ ਕਿ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਜਿਲ੍ਹੇ ਦੀਆਂ ਸਾਰੀਆਂ ਵਿੱਚ ਕੈਂਪ ਲਗਾ ਕੇ ਲੋਕਾਂ ਨੂੰ ਸਰਕਾਰੀ ਸੇਵਾਵਾਂ ਦਾ ਲਾਭ ਦਿੱਤਾ ਜਾ ਰਿਹਾ ਅਤੇ ਆਉਣ ਵਾਲੇ ਵਿਅਕਤੀਆਂ ਵੱਲੋਂ ਵੱਖ- ਵੱਖ ਸੇਵਾਵਾਂ ਹਾਸਲ ਕਰਨ ਲਈ ਅਪਲਾਈ ਕੀਤਾ ਜਾ ਰਿਹਾ ਅਤੇ ਮੌਕੇ ਤੇ ਹੀ ਸਰਟੀਫਿਕੇਟ ਮੁਹੱਈਆ ਕਰਵਾਏ ਜਾ ਰਹੇ ਹਨ ਅਤੇ ਲੋਕਾਂ ਨੂੰ ਸਾਰੀਆਂ ਸਰਕਾਰੀ ਸਹੂਲਤਾਂ ਇਕੋ ਥਾਂ ਹੀ ਮਿੱਲ ਰਹੀਆਂ ਹਨ। ਜਿਸ ਨਾਲ ਉਨਾਂ ਦੇ ਪੈਸੇ ਅਤੇ ਸਮੇਂ ਦੀ ਬਚਤ ਵੀ ਹੋ ਰਹੀ ਹੈ ਅੱਜ ਢੀਗਰਾ ਕੰਪਲੈਕਸ, ਗੋਲਡਨ ਐਵੀਨਿਊ ਅੰਮ੍ਰਿਤਸਰ ਵਿਖੇ ਲਗਾਏ ਗਏ ਕੈਂਪ ਦਾ ਨਿਰੀਖਣ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਸ੍ਰੀਮਤੀ ਜੋਤੀ ਬਾਲਾ ਨੇ ਜਿਲ੍ਹੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਆਪ ਦੀ ਸਰਕਾਰ ਆਪ ਦੇ ਦੁਆਰ ਤਹਿਤ ਹਰੇਕ ਵਿਧਾਨ ਸਭਾ ਹਲਕੇ ਵਿੱਚ ਕੈਂਪ ਲਗਾਏ ਜਾਣਗੇ ਤਾਂ ਜੋ ਜ਼ਿਲ੍ਹੇ ਦੇ ਸਾਰੇ ਨਾਗਰਿਕ ਆਪਣੀ ਲੋੜ ਦੀਆਂ ਸੇਵਾਵਾਂ ਹਾਸਲ ਕਰ ਸਕਣ। ਇਸ ਲਈ ਸਮੂਹ ਨਾਗਰਿਕ ਆਪੋ ਆਪਣੇ ਪਿੰਡਾਂ ਤੇ ਸ਼ਹਿਰਾਂ ਵਿੱਚ ਲੱਗਣ ਵਾਲੇ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਕੈਂਪਾਂ ਵਿੱਚ ਪਹੁੰਚਣ ਤਾਂ ਜੋ ਉਹ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਸੇਵਾਵਾਂ ਹਾਸਲ ਕਰ ਸਕਣ। ਉਨਾਂ ਦੱਸਿਆ ਕਿ 9 ਜੁਲਾਈ ਨੂੰ ਅਗਲਾ ਕੈਂਪ ਵਿਧਾਨ ਸਭਾ ਹਲਕਾ ਅਟਾਰੀ ਦੇ ਪਿੰਡ ਬੱਚੀਵਿੰਡ ਵਿਖੇ ਲਗੇਗਾ। ਉਨਾਂ ਦੱਸਿਆ ਕਿ ਕੈਂਪਾਂ ਵਿੱਚ ਜੋ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ, ਉਨ੍ਹਾਂ ਵਿੱਚ ਜਨਮ ਸਰਟੀਫਿਕੇਟ, ਆਮਦਨ ਸਰਟੀਫਿਕੇਟ, ਰਿਹਾਇਸ਼ ਸਰਟੀਫਿਕੇਟ, ਅਨੁਸੂਚਿਤ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਸਰਟੀਫਿਕੇਟ, ਬੁਢਾਪਾ, ਦਿਵਯਾਂਗ ਅਤੇ ਆਸ਼ਿਰਤ ਪੈਨਸ਼ਨ, ਜਨਮ ਸਰਟੀਫਿਕੇਟ 'ਚ ਨਾਂ ਦੀ ਤਬਦੀਲੀ, ਸਿਹਤ ਵਿਭਾਗ ਨਾਲ ਸਬੰਧਤ ਸਕੀਮਾਂ, ਬਿਜਲੀ ਦੇ ਬਿੱਲਾਂ ਦੇ ਭੁਗਤਾਨ, ਮਾਲ ਵਿਭਾਗ ਸਬੰਧੀ ਰਿਕਾਰਡ ਦੀ ਪੜਤਾਲ, ਵਿਆਹ ਦੀ ਰਜਿਸਟ੍ਰੇਸ਼ਨ, ਮੌਤ ਦੇ ਸਰਟੀਫਿਕੇਟ ਦੀ ਇਕ ਤੋਂ ਵੱਧ ਕਾਪੀਆਂ, ਪੇਂਡੂ ਖੇਤਰ ਸਰਟੀਫਿਕੇਟ, ਫਰਦ ਬਣਾਉਣੀ, ਸ਼ਗਨ ਸਕੀਮ, ਜ਼ਮੀਨ ਦੀ ਨਿਸ਼ਾਨਦੇਹੀ,ਐੱਨ.ਆਰ. ਆਈ. ਦੇ ਸਰਟੀਫਿਕੇਟਾਂ ਦੇ ਕਾਊਂਟਰ ਦਸਤਖ਼ਤ, ਪੁਲਿਸ ਕਲੀਅਰੈਂਸ ਸਰਟੀਫਿਕੇਟ ਦੇ ਕਾਊਂਟਰ ਦਸਤਖ਼ਤ, ਮੌਤ ਸਰਟੀਫਿਕੇਟ 'ਚ ਤਬਦੀਲੀ ਆਦਿ ਸੇਵਾਵਾਂ ਸ਼ਾਮਿਲ ਹਨ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਲੋਕ 1076 ਨੰਬਰ ਡਾਇਲ ਕਰਕੇ ਘਰ ਬੈਠੇ ਹੀ ਇਹ ਸੇਵਾਵਾਂ ਪ੍ਰਾਪਤ ਕਰ ਸਕਦੇ ਹਨ। ਅੱਜ ਦੇ ਇਸ ਕੈਂਪ ਵਿੱਚ ਕਰੀਬ 150 ਲੋਕਾਂ ਵਲੋਂ ਵੱਖ-ਵੱਖ ਸਕੀਮਾਂ ਦਾ ਲਾਭ ਲੈਣ ਲਈ ਰਾਬਤਾ ਕਾਇਮ ਕੀਤਾ ਗਿਆ। ਜਿਨਾਂ ਵਿਚੋਂ 90 ਵਿਅਕਤੀਆਂ ਨੇ ਵੱਖ-ਵੱਖ ਸਕੀਮਾਂ ਦਾ ਲਾਭ ਪ੍ਰਾਪਤ ਕਰਨ ਲਈ ਆਪਣੀ ਰਜਿਸਟਰੇਸ਼ਨ ਕਰਵਾਈ। ਉਨਾਂ ਦੱਸਿਆ ਕਿ ਇਨਾਂ ਕੈਂਪਾਂ ਵਿੱਚ ਰਜਿਸਟਰੇਸ਼ਨ ਕਰਵਾਉਣ ਵਾਲੇ ਵਿਅਕਤੀਆਂ ਨੂੰ ਤੁਰੰਤ ਹੀ ਸਰਕਾਰੀ ਸਕੀਮਾਂ ਦਾ ਲਾਭ ਪੁਜਦਾ ਕੀਤਾ ਜਾਵੇਗਾ। ਇਸ ਮੌਕੇ ਐਸ.ਡੀ.ਐਮ. ਅੰਮ੍ਰਿਤਸਰ 1 ਸ: ਮਨਕੰਵਲ ਚਾਹਲ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਮੁਖੀ ਵੀ ਵੀ ਹਾਜ਼ਰ ਸਨ।

ਸ਼ਹੀਦ ਬਾਬਾ ਸੁੱਧਾ ਸਿੰਘ ਅਕੈਡਮੀ ਵੱਲੋਂ ਚਾਰ ਰੋਜ਼ਾ ਗੁਰਮਤਿ ਕੈਂਪ ਲਗਾਇਆ ਗਿਆ

# ਅੱਵਲ ਆਏ ਬੱਚਿਆਂ ਨੂੰ ਕਾਪੀਆਂ ਪੈਨ ਤੇ ਪ੍ਰਸ਼ੰਸਾ ਪੱਤਰ ਦਿੱਤੇ ਗਏ : ਭਾਈ ਹਰਦੇਵ ਸਿੰਘ



**ਜੰਡਿਆਲਾ ਗੁਰੂ, 4 ਜੁਲਾਈ( ਕੁਲਵੰਤ ਸਿੰਘ ਵਿਰਦੀ ਜੀਵਨ ਸ਼ਰਮਾ)** -ਗੁਰਦੁਆਰਾ ਸ਼ਹੀਦ ਬਾਬਾ ਸੁੱਧਾ ਸਿੰਘ ਜੀ ਅਕੈਡਮੀ ਦੇ ਸੰਚਾਲਕ ਭਾਈ ਹਰਦੇਵ ਸਿੰਘ ਜੀ ਨੇ ਜਾਣਕਾਰੀ ਦਿੰਦਿਆਂ ਹੋਇਆਂ ਦੱਸਿਆ ਕਿ ਪਿੰਡ ਦਕੋਹਾ ਜ਼ਿਲ੍ਹਾ ਗੁਰਦਾਸਪੁਰ ਵਿਖੇ ਸਥਿਤ ਗੁਰਦੁਆਰਾ ਸ਼ਹੀਦ ਬਾਬਾ ਸੁੱਧਾ ਸਿੰਘ ਜੀ ਵਿਖੇ ਬੱਚਿਆ ਦਾ ਚਾਰ ਰੋਜ਼ਾ ਗੁਰਮਤਿ ਕੈਂਪ ਲਗਾਇਆ ਗਿਆ ਇਸ ਕੈਂਪ ਵਿਚ ਬੱਚਿਆ ਨੂੰ ਗੁਰਬਾਣੀ,ਗੁਰਇਤਿਹਾਸ,ਸਿੱਖ ਰਹਿਤ ਮਰਿਯਾਦਾ ਤੋ ਜਾਣੂੰ ਕਰਵਾਇਆ ਗਿਆ ਅਤੇ ਅਵਲ ਆਏ ਬੱਚਿਆਂ ਨੂੰ ਪ੍ਰਸ਼ੰਸਾ ਪੱਤਰ ਦਿੱਤੇ ਗਏ ਅਤੇ ਕੁਝ ਬੱਚਿਆਂ ਨੂੰ ਕਾਪੀਆਂ ਪੈਨ ਦਿੱਤੇ ਗਏ ਇਸ ਮੌਕੇ ਬੱਚੇ ਕਾਫ਼ੀ ਖ਼ੁਸ਼ ਨਜ਼ਰ ਆਏ ਅਤੇ ਬੱਚਿਆਂ ਵਿੱਚ ਉਤਸ਼ਾਹ ਵੇਖਣ ਨੂੰ ਮਿਲਿਆ ਅੱਗੇ ਭਾਈ ਹਰਦੇਵ ਸਿੰਘ ਨੇ ਕਿਹਾ ਕਿ ਇਸ ਕੈਂਪ ਵਿੱਚ ਭਾਈ ਇੰਦਰਜੀਤ ਸਿੰਘ ਸੁਖਵਿੰਦਰ ਸਿੰਘ ਰਣਜੀਤ ਸਿੰਘ ਰਾਮ ਸਿੰਘ ਵੱਲੋਂ ਗੁਰਮਤਿ ਦੀਆਂ ਕਲਾਸਾ ਲਗਾਈਆਂ ਗਈਆਂ ਅੱਗੇ ਉਨ੍ਹਾ ਨੇ ਸੰਗਤਾਂ ਨੂੰ ਬੇਨਤੀ ਕਰਦਿਆਂ ਹੋਇਆਂ ਕਿਹਾ ਕਿ ਸਮੇਂ ਨੂੰ ਮੁੱਖ ਰੱਖਦਿਆਂ ਹੋਇਆਂ ਆਪਣੇ ਬੱਚਿਆਂ ਨੂੰ ਗੁਰਮਤਿ ਦੇ ਧਾਰਨੀ ਬਣਾ ਕੇ ਮਾਪੇ ਆਪਣਾ ਫਰਜ਼ ਨਿਭਾਉਣ ਅਤੇ ਬੱਚਿਆਂ ਦੇ ਸੋਹਣੇ ਭਵਿੱਖ ਲਈ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਕਰਕੇ ਗੁਰੂ ਸਾਹਿਬ ਜੀ ਦੀਆਂ ਅਸੀਸਾਂ ਪ੍ਰਾਪਤ ਕਰਨ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

# ਪਿੰਡ ਮਹਿਤਾ ਦੇ ਸ਼ਮਸ਼ਾਨ ਘਾਟ ਵਿੱਚ ਬੂਟੇ ਲਗਾਏ



ਚੌਂਕ ਮਹਿਤਾ,4 ਜੁਲਾਈ (ਬਾਬਾ ਸੁਖਵੰਤ ਸਿੰਘ ਚੰਨਣਕੇ) ਕਸਬਾ ਮਹਿਤਾ ਚੌਂਕ ਦੇ ਸ਼ਮਸ਼ਾਨ ਘਾਟ ਵਿੱਚ ਫਲਦਾਰ ਤੇ ਛਾਂਦਾਰ 50 ਦੇ ਕਰੀਬ ਬੂਟੇ ਲਗਾਏ ਗਏ।ਇਸ ਸਮੇਂ ਬਲਾਕ ਸੰਮਤੀ ਮੈਂਬਰ ਮਨਜੀਤ ਸਿੰਘ ਮੰਨਾ ਨੇ ਗੱਲਬਾਤ ਕਰਦਿਆਂ ਕਿਹਾ ਕਿ ਇੱਕ ਕੋੜਾ ਸੱਚ ਇਹ ਵੀ ਹੈ ਕਿ ਪ੍ਰਦੂਸ਼ਣ ਰਾਹੀ ਅਸੀਂ ਆਉਣ ਵਾਲੀਆਂ ਪੀੜੀਆਂ ਨੂੰ ਵਿਰਾਸਤ ਵਿੱਚ ਕੇਵਲ ਜਹਿਰੀਲਾ ਵਾਤਾਵਰਨ ਅਤੇ ਨਾਮੁਰਾਦ ਬਿਮਾਰੀਆਂ ਦਾ ਸੰਤਾਪ ਦੇਣ ਜਾ ਰਹੇ ਹਾਂ। ਉਹਨਾਂ ਕਿਹਾ ਕਿ ਨਿੱਤ ਨਵੀਆਂ ਵਿਗਿਆਨਿਕ ਖੋਜਾਂ ਦੇ ਸਿੱਟੇ,ਮਨੁੱਖ ਵੱਲੋਂ ਮੁਨਾਫੇ ਦੀ ਦੌੜ ਵਿੱਚ ਬੇਤਹਾਸ਼ਾ ਉਦਯੋਗਿਕਰਨ ਅਤੇ ਅਪਣੇ ਮੁਫਾਦਾਂ ਲਈ ਕੁਦਰਤੀ ਸਾਧਨਾਂ ਖਿਲਵਾੜ ਆਦਿ ਨੇ ਸਮੁੱਚੀ ਵਾਤਾਵਰਨ ਨੂੰ ਗੰਭੀਰ ਅਤੇ ਖਤਰਨਾਕ ਹਾਲਤ ਤੱਕ ਪ੍ਰਦੂਸ਼ਿਤ ਕਰਕੇ ਰੱਖ ਦਿੱਤਾ ਹੋਇਆ ਹੈ। ਉਹਨਾਂ ਵੱਧਦੇ ਪ੍ਰਦੂਸ਼ਣ ਤੇ ਆਲਮੀ ਤਪਸ ਦੀ ਸਮੱਸਿਆ ਤੋਂ ਨਿਜਾਤ ਪਾਉਣ ਲਈ ਸਾਰੀਆਂ ਪੰਚਾਇਤਾਂ ਨੂੰ ਜਿਆਦਾ ਜਿਆਦਾ ਰੁੱਖ ਲਾਉਣ, ਅਤੇ ਦੂਜਿਆਂ ਨੂੰ ਇਸ ਕਾਰਜ਼ ਲਈ ਪ੍ਰੇਰਿਤ ਕਰਨ ਤੇ ਰੁੱਖਾਂ ਪੌਦਿਆਂ ਦੀ ਵਧੀਆ ਢੰਗ ਅਤੇ ਪੂਰੀ ਤਨਦੇਹੀ ਨਾਲ ਸਾਭ ਸੰਭਾਲ ਕਰਨ ਦੀ ਅਪੀਲ ਕੀਤੀ।ਇਸ ਮੌਕੇ ਹਰਗੋਪਾਲ ਸਿੰਘ ਰੰਧਾਵਾ, ਪ੍ਰਧਾਨ ਕੇਵਲ ਸਿੰਘ ਮਹਿਤਾ,ਜਸਵੰਤ ਸਿੰਘ ਗ੍ਰੰਥੀ, ,ਲਖਵਿੰਦਰ ਸਿੰਘ, ਬਿਕਰਮਜੀਤ ਸਿੰਘ, ਜਸਬੀਰ ਸਿੰਘ,ਗੁਰਦੇਵ ਸਿੰਘ ਬੱਬੂ,ਮਨਦੀਪ ਸਿੰਘ ਰੰਧਾਵਾ,ਜਤਿੰਦਰ ਸਿੰਘ ਰੰਧਾਵਾ, ਮਾਸਟਰ ਪ੍ਰਗਟ ਸਿੰਘ ਮਹਿਤਾ, ਲਖਬੀਰ ਸਿੰਘ ਕਾਲੂ ਆਦਿ ਹਾਜ਼ਰ ਸਨ।

# ਜ਼ਰੂਰਤਮੰਦ ਬੱਚਿਆਂ ਦੀ ਰੋਟਰੀ ਕਲੱਬ ਫ਼ਿਰੋਜ਼ਪੁਰ ਰੋਆਇਲ ਨੇ ਅਦਾ ਕੀਤੀ ਫੀਸ



ਫ਼ਿਰੋਜ਼ਪੁਰ, 4 ਜੁਲਾਈ (ਮਨੋਹਰ ਲਾਲ) :— ਕੌਮਾਂਤਰੀ ਪੱਧਰ ਦੀ ਸਮਾਜ ਸੇਵੀ ਸੰਸਥਾ ਰੋਟਰੀ ਕਲੱਬ ਫਿਰੋਜ਼ਪੁਰ ਰੋਆਇਲ ਵੱਲੋਂ ਸਮਾਜ ਸੇਵਾ ਦੀ ਲੜੀ ਨੂੰ ਅੱਗੇ ਵਧਾਉਂਦੇ ਹੋਏ ਅੱਜ ਇੱਕ ਗਰੀਬ ਅਤੇ ਲੋੜਵੰਦ ਪਰਿਵਾਰ ਦੇ ਦੋ ਬੱਚਿਆਂ ਦੀ ਸਾਰੇ ਸਾਲ ਦੀ ਸਕੂਲ ਫੀਸ ਸਮੇਤ ਕਿਤਾਬਾਂ ਵਰਦੀ ਅਤੇ ਹੋਰ ਸਾਰੇ ਖਰਚੇ ਸਕੂਲ ਪ੍ਰਿੰਸੀਪਲ ਨੂੰ ਦਿੱਤੇ। ਗਏ। ਇਸ ਮੌਕੇ ਰੋਟਰੀ ਕਲੱਬ ਫਿਰੋਜਪੁਰ ਰੋਆਇਲ ਦੇ ਪ੍ਰਧਾਨ ਵਿਜੇ ਮੋਗਾ ਨੇ ਦੱਸਿਆ ਕਿ ਇਸ ਪਰਿਵਾਰ ਬਾਰੇ ਜਦੋਂ ਪਤਾ ਲੱਗਾ ਕਿ ਇਨ੍ਹਾਂ ਬੱਚਿਆਂ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ ਅਤੇ ਇਹ ਅੱਗੇ ਪੜਨਾ ਚਾਹੁੰਦੇ ਹਨ ਤਾਂ ਕਲੱਬ ਵੱਲੋਂ ਇਨ੍ਹਾਂ ਦੋਨਾਂ ਬੱਚਿਆਂ ਦੀ ਸਾਰੇ ਸਾਲ ਦੀ ਫੀਸ ਸਮੇਤ ਕਿਤਾਬਾਂ, ਵਰਦੀਆਂ ਦੇ ਬਣਦੇ ਪੈਸੇ ਸਕੂਲ ਪ੍ਰਿੰਸੀਪਲ ਸੁਨੀਲ ਮੋਗਾ ਨੂੰ ਭੇਂਟ ਕਰ ਦਿੱਤੇ ਗਏ। ਉਨ੍ਹਾਂ ਕਿਹਾ ਕਿ ਇਸ ਮੌਕੇ ਰੋਟਰੀ ਕਲੱਬ ਨੇ ਸਕੂਲ ਪ੍ਰਿੰਸੀਪਲ ਨੂੰ ਕਿਹਾ ਕਿ ਹੋਰ ਵੀ ਜੇ ਕੋਈ ਸਾਰੇ ਸਾਲ ਦੌਰਾਨ ਇਨ੍ਹਾਂ ਵਿਦਿਆਰਥੀਆਂ ਨੂੰ ਪੜ੍ਹਾਈ ਵਾਸਤੇ ਕਿਸੇ ਚੀਜ਼ ਦੀ ਲੋੜ ਹੋਵੇਗੀ ਤਾਂ ਕਲੱਬ ਉਹ ਵੀ ਪੂਰੀ ਕਰ ਦੇਵੇਗਾ। ਇਸ ਮੌਕੇ ਕਲੱਬ ਦੇ ਜਨਰਲ ਸੈਕਟਰੀ ਰਾਕੇਸ਼ ਮੰਚਨਦਾ ਤੋਂ ਇਲਾਵਾ ਪੀ.ਆਰ.ਓ ਸੁਖਵਿੰਦਰ ਸਿੰਘ ਪਰੈਟੀ, ਵਿਪਨ ਅਰੋੜਾ ਕੁਨਾਲਪੁਰੀ ਆਦੀ ਮੈਂਬਰ ਵੀ ਹਾਜ਼ਰ ਸਨ।

# ਦੇਸ਼ ਦੀ ਆਨ, ਬਾਨ ਤੇ ਸ਼ਾਨ ਲਈ ਸ਼ਹਾਦਤ ਦੇਣ ਵਾਲੇ ਨੌਜਵਾਨ ਨੂੰ ਭੇਂਟ ਕੀਤੀਆਂ ਸ਼ਰਧਾਂਜਲੀਆਂ



ਫ਼ਿਰੋਜ਼ਪੁਰ, 4 ਜੁਲਾਈ (ਮਨੋਹਰ ਲਾਲ) :— ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਦੇ ਹੋਏ ਦੇਸ਼ ਦੀ ਆਨ—ਬਾਨ ਤੇ ਸ਼ਾਨ ਖਾਤਰ ਆਪਾ ਵਾਰਨ ਵਾਲੇ ਨੌਜਵਾਨ ਧਰਮਪ੍ਰੀਤ ਸਿੰਘ ਪਿੰਡ ਭਾਗਥਲਾਂ ਕਲਾਂ ਦੇ ਅੰਤਿਮ ਅਰਦਾਸ ਵਿਚ ਮੈਂਬਰ ਪਾਰਲੀਮੈਂਟ ਸਰਬਜੀਤ ਸਿੰਘ ਖਾਲਸਾ ਦੀ ਤਰਫੋਂ ਉਨ੍ਹਾਂ ਦੇ ਸਾਥੀ ਭਾਈ ਸੁਖਜਿੰਦਰ ਸਿੰਘ ਨੇ ਕੀਤੀ ਸ਼ਿਰਕਤ। ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਮੈਂਬਰ ਭਾਈ ਸੁਖਜਿੰਦਰ ਸਿੰਘ ਨੇ ਦੱਸਿਆ ਕਿ ਅੰਤਿਮ ਅਰਦਾਸ ਵਿਚ ਮੈਂਬਰ ਪਾਰਲੀਮੈਂਟ ਸਰਬਜੀਤ ਸਿੰਘ ਖਾਲਸਾ ਨਿੱਜੀ ਤੌਰ ਤੇ ਸ਼ਾਮਲ ਹੋਣਾ ਚਾਹੁੰਦੇ ਸਨ, ਪਰ ਦਿੱਲੀ ਵਿਖੇ ਰੁਝੇਵਿਆਂ ਕਾਰਣ ਉਹ ਇਥੇ ਨਹੀਂ ਆ ਸਕੇ। ਇਸ ਮੌਕੇ ਨੌਜਵਾਨ ਧਰਮਪ੍ਰੀਤ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਪਰਿਵਾਰ ਨਾਲ ਦੁੱਖ ਦਾ ਇਜ਼ਹਾਰ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਜਗਮੀਤ ਸਿੰਘ ਗੋਲੇਵਾਲਾ, ਅਮਰੀਕ ਸਿੰਘ ਭੋਲੂਵਾਲਾ ਆਦਿ ਸ਼ਾਮਲ ਸਨ।

### 4 ਜੁਲਾਈ 1955 ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ

# ਹਮਲੇ ਦੀ ਯਾਦ 'ਚ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਵਿਖੇ ਗੁਰਮਤਿ ਸਮਾਗਮ



**ਨਵੀ ਦਿੱਲੀ, 4 ਜੁਲਾਈ (ਮਨਪ੍ਰੀਤ ਸਿੰਘ ਖਾਲਸਾ)**:- ਅਜ਼ਾਦ ਭਾਰਤ ਅੰਦਰ ਪੰਜਾਬੀ ਸੂਬਾ ਮੋਰਚਾ ਦੌਰਾਨ ਸਮੇਂ ਦੀ ਸਰਕਾਰ ਵੱਲੋਂ 4 ਜੁਲਾਈ 1955 ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਕੀਤੇ ਹਮਲੇ ਦੀ ਯਾਦ ਵਿਚ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸਰੂਪ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਅਰਦਾਸ ਭਾਈ ਸਰਵਣ ਸਿੰਘ ਨੇ ਕੀਤੀ। ਸੰਗਤ ਨੂੰ ਹੁਕਮਨਾਮਾ ਕਥਾਵਾਚਕ ਭਾਈ ਵਿਸ਼ਾਲ ਸਿੰਘ ਨੇ ਸਰਵਣ ਕਰਵਾਇਆ।

ਸਮਾਗਮ ਮੌਕੇ ਕਥਾਵਾਚਕ ਭਾਈ ਵਿਸ਼ਾਲ ਸਿੰਘ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਮੇਂ ਸਮੇਂ ਹਾਕਮਾਂ ਨੇ ਸਿੱਖਾਂ ਦੇ ਕੇਂਦਰੀ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਹਮਲੇ ਕਰਕੇ ਸਿੱਖ ਕੌਮ ਨੂੰ ਕਮਜ਼ੋਰ ਕਰਨ ਦੇ ਯਤਨ ਕੀਤੇ ਹਨ। ਉਨ੍ਹਾਂ ਕਿਹਾ ਕਿ ਪੰਜਾਬੀ ਸੂਬਾ ਮੋਰਚੇ ਦੌਰਾਨ ਸਿੱਖਾਂ ਦੀ ਅਵਾਜ਼ ਨੂੰ ਦਬਾਉਣ ਲਈ ਉਸ ਸਮੇਂ ਦੀ ਕਾਂਗਰਸ ਸਰਕਾਰ ਨੇ 4 ਜੁਲਾਈ 1955 ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕੀਤਾ, ਜੋ ਸਰਕਾਰ ਦੀ ਧੱਕੇਸ਼ਾਹੀ ਦਾ ਪ੍ਰਤੱਖ ਪ੍ਰਗਟਾਵਾ ਸੀ। ਉਨ੍ਹਾਂ ਇਹ ਵੀ ਕਿਹਾ ਕਿ ਆਪਣੇ ਗੁਰਧਾਮਾਂ ਦੀ ਰਾਖੀ ਲਈ ਸ਼ਹਾਦਤਾਂ ਦੇਣ ਵਾਲੇ ਕੌਮੀ ਯੋਧਿਆਂ ਨੂੰ ਕੌਮ ਹਮੇਸ਼ਾ ਯਾਦ ਰੱਖਦੀ ਹੈ। ਇਸ ਦੌਰਾਨ ਸਜਾਏ ਗਏ ਧਾਰਮਿਕ ਦੀਵਾਨ ਸਮੇਂ ਢਾਡੀ ਜਥਿਆਂ ਨੇ ਵੀ ਸੰਗਤਾਂ ਨਾਲ ਇਤਿਹਾਸ ਦੀ ਸਾਂਝ ਪਾਈ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਸ. ਕੁਲਵਿੰਦਰ ਸਿੰਘ ਰਮਦਾਸ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਚੀਫ਼ ਅਕਾਊਂਟੈਂਟ ਸ. ਮਿਲਖਾ ਸਿੰਘ, ਸੁਪ੍ਰਿੰਟੈਂਡੈਂਟ ਪ੍ਰਚਾਰ ਸ. ਮਲਕੀਤ ਸਿੰਘ ਬਹਿੜਵਾਲ, ਮੈਨੇਜਰ ਸ. ਜਗਤਾਰ ਸਿੰਘ, ਵਧੀਕ ਮੈਨੇਜਰ ਸ. ਬਿਕਰਮਜੀਤ ਸਿੰਘ ਝੰਗੀ, ਸ. ਯੁਵਰਾਜ ਸਿੰਘ, ਮੀਤ ਮੈਨੇਜਰ ਸ. ਲਾਲ ਸਿੰਘ, ਪ੍ਰਚਾਰਕ ਭਾਈ ਖਜਾਨ ਸਿੰਘ ਅਤੇ ਸੰਗਤਾਂ ਮੌਜੂਦ ਸਨ।

### ਖ਼ਾਲਸਾ ਪੰਥ ਤੇ ਘੱਟ ਗਿਣਤੀਆ ਉਤੇ ਹੋ ਰਹੇ ਹਕੂਮਤੀ ਜ਼ਬਰ ਜੁਲਮ ਸੰਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪੇਸ਼ ਹੋਣ ਵਾਲੇ

# ਬਾਦਲ ਦਲ ਦੇ ਬਾਗੀ ਧੜੇ ਮੂੰਹ ਕਿਉਂ ਨਹੀਂ ਖੋਲ੍ਹਦੇ ? : ਮਾਨ

ਨਵੀਂ ਦਿੱਲੀ, 4 ਜੁਲਾਈ (ਮਨਪ੍ਰੀਤ ਸਿੰਘ ਖਾਲਸਾ):– "ਜਦੋਂ ਸੈਟਰ ਦੀ ਮੋਦੀ ਹਕੂਮਤ ਦੇ ਗ੍ਰਹਿ ਵਜੀਰ ਅੰਮਿਤ ਸ਼ਾਹ, ਵਿਦੇਸ ਵਜੀਰ ਜੈਸੰਕਰ, ਰੱਖਿਆ ਵਜੀਰ ਰਾਜਨਾਥ ਸਿੰਘ, ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ, ਰਾਅ ਦੇ ਮੁੱਖੀ ਰਵੀ ਸਿਨ੍ਹਾ ਅਤੇ ਸਾਬਕਾ ਰਾਅ ਦੇ ਮੁੱਖੀ ਸੰਮਤ ਗੋਇਲ, ਮਿਲਟਰੀ ਇੰਨਟੈਲੀਜੈਸ, ਆਈ.ਬੀ ਵੱਲੋਂ ਸਾਂਝੇ ਤੌਰ ਤੇ ਬਾਹਰਲੇ ਮੁਲਕਾਂ ਵਿਚ ਅਤੇ ਇੰਡੀਆਂ ਵਿਚ ਜਮਹੂਰੀਅਤ ਅਤੇ ਅਮਨਮਈ ਢੰਗ ਨਾਲ ਸਿੱਖ ਕੌਮ ਦੀ ਆਜਾਦੀ ਦੀ ਗੱਲ ਕਰਨ ਵਾਲੇ ਸਿੱਖਾਂ ਹਰਦੀਪ ਸਿੰਘ ਨਿੱਝਰ, ਰਿਪੁਦਮਨ ਸਿੰਘ ਮਲਿਕ ਅਤੇ ਸੁਖਦੂਲ ਸਿੰਘ ਕੈਨੇਡਾ, ਅਵਤਾਰ ਸਿੰਘ ਖੰਡਾ ਬਰਤਾਨੀਆ, ਪਰਮਜੀਤ ਸਿੰਘ ਪੰਜਵੜ ਅਤੇ ਲਖਬੀਰ ਸਿੰਘ ਰੋਡੇ ਪਾਕਿਸਤਾਨ, ਦੀਪ ਸਿੰਘ ਸਿੱਧੂ ਹਰਿਆਣਾ, ਸੁਭਦੀਪ ਸਿੰਘ ਸਿੱਧੂ ਮੂਸੇਵਾਲਾ ਪੰਜਾਬ ਨੂੰ ਸਾਜਸੀ ਢੰਗ ਨਾਲ ਮਾਰਨ ਦੇ ਅਮਲ ਹੋ ਰਹੇ ਹਨ। ਜਿਸ ਸੰਬੰਧੀ ਕੈਨੇਡਾ ਦੀ ਪਾਰਲੀਮੈਂਟ ਵਿਚ ਉਥੋ ਦੇ ਵਜੀਰ ਏ ਆਜਮ ਜਸਟਿਨ ਟਰੂਡੋ ਨੇ ਖੁੱਲ੍ਹਕੇ ਕਿਹਾ ਹੈ ਅਤੇ ਕੈਨੇਡਾ ਦੀ ਪਾਰਲੀਮੈਂਟ ਵਿਚ ਸ. ਹਰਦੀਪ ਸਿੰਘ ਨਿੱਝਰ ਦੀ ਆਤਮਾ ਦੀ ਸ਼ਾਂਤੀ ਲਈ 2 ਮਿੰਟ ਲਈ ਮੋਨ ਧਾਰਿਆ ਗਿਆ। ਇਸੇ ਤਰ੍ਹਾਂ ਅਮਰੀਕਾ ਵਿਚ ਸ. ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਸਾਜਿਸ ਰਚਣ ਵਾਲੇ ਇੰਡੀਅਨ ਏਜੰਸੀਆ ਦੇ ਕਰਿੰਦੇ ਨੂੰ ਗ੍ਰਿਫਤਾਰ ਕਰਕੇ ਸਿੱਖਾਂ ਨੂੰ ਮਾਰਨ ਦੀ ਸਾਜਿਸ ਦਾ ਪਰਦਾਫਾਸ ਕੀਤਾ ਹੈ, ਉਸ ਉਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ ਹੋਣ ਵਾਲੇ ਬਾਦਲ ਦਲ ਦੇ ਬਾਗੀ ਧੜੇ ਵੱਲੋ ਇਸ ਜ਼ਬਰ ਵਿਰੁੱਧ ਕਿਉਂ ਨਹੀਂ ਬੋਲਿਆ ਜਾ ਰਿਹਾ ?"



ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਹੁਣ ਤੱਕ ਖਾਲਸਾ ਪੰਥ ਤੇ ਪੰਜਾਬ ਵਿਰੋਧੀ ਕੀਤੇ ਗਏ ਅਮਲਾਂ ਅਤੇ ਗੁਸਤਾਖੀਆ ਦੀ ਮੁਆਫ਼ੀ ਮੰਗਣ ਗਏ ਬਾਗੀ ਅਕਾਲੀ ਦਲ ਦੇ ਆਗੂਆ ਜਿਨ੍ਹਾਂ ਵਿਚ ਸ. ਸੁਖਦੇਵ ਸਿੰਘ ਢੀਂਡਸਾ, ਪ੍ਰੇਮ ਸਿੰਘ ਚੰਦੂਮਾਜਰਾ, ਬੀਬੀ ਜਗੀਰ ਕੌਰ, ਸਿਕੰਦਰ ਸਿੰਘ ਮਲੂਕਾ ਆਦਿ ਆਗੂਆ ਵੱਲੋ ਸਿੱਖ ਕੌਮ ਤੇ ਸਮੁੱਚੀਆ ਘੱਟ ਗਿਣਤੀਆ ਉਤੇ ਨਿਰੰਤਰ ਹੁੰਦੇ ਆ ਰਹੇ ਜ਼ਬਰ ਜੁਲਮਾਂ ਬਾਰੇ ਚੁੱਪੀ ਧਾਰ ਰੱਖਣ ਉਤੇ ਗਹਿਰਾ ਦੁੱਖ ਤੇ ਅਫਸੋਸ ਜਾਹਰ ਕਰਦੇ ਹੋਏ ਅਤੇ ਇਸ ਲੀਡਰਸਿਪ ਵੱਲੋ ਆਪਣੇ ਆਪ ਨੂੰ ਪੰਥਕ ਕਹਾਉਣ ਉਤੇ ਤਿੱਖਾ ਪ੍ਰਤੀਕਰਮ ਜਾਹਰ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਇਹ ਕਹਿ ਰਹੇ ਹਨ ਕਿ ਅਸੀ ਪੰਥ ਦੀ ਸੇਵਾ ਕਰਨੀ ਹੈ। ਲੇਕਿਨ ਪੰਥ ਨਾਲ ਅਤੇ ਪੰਜਾਬ ਸੂਬੇ ਨਾਲ ਜੋ ਕੁਝ ਸੈਟਰ ਦੇ ਹੁਕਮਰਾਨਾਂ ਅਤੇ ਪੰਜਾਬ ਦੀਆਂ ਸਰਕਾਰਾਂ ਵੱਲੋ ਬੇਇਨਸਾਫ਼ੀ ਵਿਤਕਰੇ ਜ਼ਬਰ ਹੋ ਰਹੇ ਹਨ। ਜੇਕਰ ਇਹ ਲੀਡਰਸਿਪ ਉਸਦੇ ਸੱਚ ਨੂੰ ਸਮਝਕੇ ਪ੍ਰਵਾਨ ਹੀ ਨਹੀ ਕਰੇਗੀ ਫਿਰ ਪੰਥ ਦੀ ਸੇਵਾ ਕਰਨ ਦੀ ਗੱਲ ਵਿਚ ਤਾਂ ਕੋਈ ਵਜਨ ਹੀ ਨਹੀ ਰਹਿ ਜਾਂਦਾ। ਫਿਰ ਇਹ ਪੰਜਾਬ ਤੇ ਪੰਥ ਦੇ ਮਸਲੇ ਕਿਵੇ ਹੱਲ ਹੋ ਸਕਣਗੇ। ਉਨ੍ਹਾਂ ਕਿਹਾ ਕਿ ਪੰਜਾਬ ਵਿਚੋ ਚੋਣਾਂ ਜਿੱਤਕੇ ਲੋਕ ਸਭਾ ਦੀ 18ਵੀਂ ਪਾਰਲੀਮੈਂਟ ਵਿਚ ਦਾਖਲ ਹੋਣ ਵਾਲਿਆ ਵਿਚ ਕੋਈ ਵੀ ਉਪਰੋਕਤ ਸਿੱਖਾਂ ਨੂੰ ਮਾਰਨ ਦੀ ਨੀਤੀ ਬਾਰੇ ਅਤੇ ਹੁਣ ਤੱਕ ਹੋਣ ਵਾਲੇ ਵਤਕਰਿਆ ਤੇ ਜ਼ਬਰ ਜੁਲਮ ਸੰਬੰਧੀ ਬੋਲਣ ਵਾਲਾ ਕੋਈ ਨਹੀ। ਕੇਵਲ ਤੇ ਕੇਵਲ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਇਨ੍ਹਾਂ ਗੰਭੀਰ ਮੁੱਦਿਆ ਉਤੇ ਮਜਬੂਤੀ ਨਾਲ ਆਵਾਜ ਉਠਾਉਦਾ ਰਿਹਾ ਹੈ। ਪਰ ਜਦੋ ਪੰਜਾਬੀਆਂ ਤੇ ਸਿੱਖ ਕੌਮ ਨੇ ਸਾਨੂੰ ਹਾਰ ਦੇ ਦਿੱਤੀ ਹੈ, ਫਿਰ ਅਸੀ ਆਪਣੀ ਅਜਿਹੀ ਕੌਮੀ ਜਿੰਮੇਵਾਰੀ ਨੂੰ ਪੂਰਨ ਕਰਨ ਲਈ ਪਾਰਲੀਮੈਂਟ ਵਿਚ ਕਿਵੇ ਆਵਾਜ ਉਠਾਅ ਸਕਦੇ ਹਾਂ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੋਵੇ ਸਮੇਂ ਅਰਦਾਸ ਵਿਚ 'ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨਾ ਕੋਇ' ਦੇ ਅਨੁਸਾਰ ਆਪਣੀ ਆਜਾਦ ਬਾਦਸਾਹੀ ਸਿੱਖ ਰਾਜ ਦੀ ਗੱਲ ਵੀ ਕਰਦੀ ਹੈ। ਫਿਰ ਅਸੀ ਇਹ ਵੀ ਕਹਿੰਦੇ ਹਾਂ 'ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ'। ਫਿਰ ਇਹ ਸਮੁੱਚੀ ਅਜੋਕੀ ਤੇ ਪੁਰਾਤਨ ਲੀਡਰਸਿਪ ਆਪਣੇ ਇਸ ਮਿਸਨ ਲਈ ਤਿਆਰੀ ਕਿਉਂ ਨਹੀ ਕਰਦੀ। ਜਦੋਕਿ ਪਾਰਲੀਮੈਂਟ ਵਿਚ ਬਹੁਗਿਣਤੀ ਵਾਲੇ ਹੁਕਮਰਾਨ ਤੇ 543 ਐਮ.ਪੀ ਸਾਡੀ ਅਰਦਾਸ ਵਿਚ ਪ੍ਰਗਟਾਈਆ ਭਾਵਨਾਵਾ ਨੂੰ ਅਤੇ ਸਾਨੂੰ ਖਾਲਿਸਤਾਨੀ ਕਹਿੰਦੇ ਹਨ।

ਇਸ ਵਿਸੇ ਤੇ ਨਾ ਤਾਂ ਸਿੱਖ ਲੀਡਰਸਿਪ ਸੁਹਿਰਦ ਹੁੰਦੀ ਹੈ ਅਤੇ ਨਾ ਹੀ ਆਪਣੇ ਆਜਾਦ ਬਾਦਸਾਹੀ ਸਿੱਖ ਰਾਜ ਦੇ ਮਕਸਦ ਦੀ ਪ੍ਰਾਪਤੀ ਲਈ ਇਕ ਪਲੇਟਫਾਰਮ ਤੇ ਇਕੱਤਰ ਹੋ ਕੇ ਹਿੰਦੂਤਵ ਰਾਸਟਰ ਨੂੰ ਸਾਡੇ ਉਤੇ ਥੋਪਣ ਦੀ ਤਿਆਰੀ ਕਰਨ ਵਾਲਿਆ ਨੂੰ ਮਜਬੂਤੀ ਨਾਲ ਚੁਣੋਤੀ ਦੇਣ ਦੇ ਫਰਜ ਪੂਰੇ ਕਰਦੀ ਹੈ। ਇਨ੍ਹਾਂ ਵਿਚ ਐਸ.ਜੀ.ਪੀ.ਸੀ ਦੇ ਮੌਜੂਦਾ ਪ੍ਰਧਾਨ, ਐਗਜੈਕਟਿਵ ਮੈਬਰ, ਬਾਦਲ ਦਲੀਆ ਦੇ ਆਗੂ ਅਤੇ ਬਾਗੀ ਹੋਏ ਆਗੂ ਕੁਝ ਨਹੀ ਬੋਲ ਰਹੇ। ਜਦੋਂਕਿ 14 ਸਾਲਾਂ ਤੋਂ ਸਾਡੀ ਸਿੱਖ ਪਾਰਲੀਮੈਂਟ ਦੇ ਚੋਣ ਪ੍ਰਤੀ ਜਮਹੂਰੀ ਹੱਕ ਨੂੰ ਜਬਰੀ ਕੁੱਚਲਿਆ ਗਿਆ ਹੈ। ਜਿਸ ਵਿਚ ਸੈਟਰ ਦੇ ਹੁਕਮਰਾਨਾਂ ਨਾਲ ਇਹ ਉਪਰੋਕਤ ਸਿੱਖ ਲੀਡਰਸਿਪ ਵੀ ਭਾਈਵਾਲ ਹੈ। ਇਥੋ ਤੱਕ ਹਰਿਆਣਾ ਦੀ ਐਸ.ਜੀ.ਪੀ.ਸੀ ਵਿਚ ਵੀ ਹੁਕਮਰਾਨਾਂ ਨੇ ਆਪਣੇ ਚੇਹਤਿਆ ਨੂੰ ਨਾਮਜਦ ਕਰਕੇ ਸਾਡੀ ਐਸ.ਜੀ.ਪੀ.ਸੀ ਨੂੰ ਹਿੰਦੂਤਵ ਰੂਪ ਦੇਣ ਦੇ ਅਮਲ ਕੀਤੇ ਜਾ ਰਹੇ ਹਨ। ਇਥੇ ਹੀ ਬਸ ਨਹੀ ਸਾਡੇ ਤਖਤ ਸ੍ਰੀ ਹਜੂਰ ਸਾਹਿਬ ਅਤੇ ਤਖਤ ਸ੍ਰੀ ਪਟਨਾ ਸਾਹਿਬ ਦੀਆਂ ਪ੍ਰਬੰਧਕ ਕਮੇਟੀਆ ਵਿਚ ਜਿਥੇ ਸਿੱਖਾਂ ਦੀ ਬਹੁਗਿਣਤੀ ਰਹੀ ਹੈ, ਉਸਨੂੰ ਘਟਾਕੇ ਹਿੰਦੂਤਵ ਸੋਚ ਵਾਲਿਆ ਨੂੰ ਪ੍ਰਬੰਧ ਸੌਪਣ ਦੇ ਅਤੇ ਸਿੱਖਾਂ ਦੇ ਮਨਾਂ ਨੂੰ ਠੇਸ ਪਹੁੰਚਾਉਣ ਦੀਆਂ ਕਾਰਵਾਈਆ ਹੋ ਰਹੀਆ ਹਨ। ਬੇਸ਼ੱਕ ਅਸੀ ਚੋਣਾਂ ਵਿਚ ਹਾਰ ਗਏ ਹਾਂ ਪਰ ਅਸੀ ਆਪਣੇ ਕੌਮੀ ਫਰਜਾਂ ਨੂੰ ਪੂਰਨ ਕਰਨ ਅਤੇ ਹਰ ਜ਼ਬਰ ਜੁਲਮ ਵਿਰੁੱਧ ਆਵਾਜ ਉਠਾਉਣ ਵਿਰੁੱਧ ਅੱਜ ਵੀ ਆਪਣੇ ਫਰਜ ਪੂਰੇ ਕਰ ਰਹੇ ਹਾਂ। ਜੇਕਰ ਸਿੱਖ ਲੀਡਰਸਿਪ ਨੇ ਸਿੱਖ ਕੌਮ ਤੇ ਪੰਜਾਬੀਆਂ ਦੇ ਅਸਲ ਦੁੱਖ ਅਤੇ ਤਕਲੀਫ ਨੂੰ ਸਮਝਦੇ ਹੋਏ ਆਪਣੇ ਆਜਾਦੀ ਦੇ ਮਿਸਨ ਨੂੰ ਇਮਾਨਦਾਰੀ ਨਾਲ ਸਹਿਯੋਗ ਨਾ ਕੀਤਾ, ਫਿਰ ਇਹ ਲੋਕ ਤਾਂ ਹਿੰਦੂਤਵ ਹੁਕਮਰਾਨਾਂ ਨਾਲ ਮਿਲਕੇ ਸਿੱਖ ਸਿਧਾਤਾਂ, ਸੋਚ, ਨਿਯਮਾਂ, ਅਸੂਲਾਂ, ਸਿੱਖੀ ਦੇ ਬੋਲਬਾਲੇ ਦੇ ਮਿਸਨ ਨੂੰ ਖੁਦ ਹੀ ਠੇਸ ਪਹੁੰਚਾਉਣ ਦੀਆਂ ਕਾਰਵਾਈਆ ਨਹੀ ਕਰ ਰਹੇ ?

## ਭਾਈ ਅੰਮ੍ਰਿਤਪਾਲ ਸਿੰਘ ਦੀ ਚਾਰ ਦਿਨ੍ਹਾਂ ਪੈਰੋਲ ਸਬੰਧੀ ਬਿਆਨਬਾਜੀ ਨਾਲ ਸਿੱਖ ਕੌਮ ਪ੍ਰਤੀ ਫਿਰਕਾਪ੍ਰਸਤ ਸੋਚ ਦਾ ਪ੍ਰਗਟਾਵਾ : ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ. ਕੇ.

**ਲੰਡਨ, 4 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਭਾਈ ਅੰਮ੍ਰਿਤਪਾਲ ਸਿੰਘ ਜੋ ਕੇ ਚਾਰ ਜੂਨ ਨੂੰ ਲੋਕ ਸਭਾ ਹਲਕਾ ਖਡੂਰ ਸਾਹਿਬ ਤੋ ਮੈਂਬਰ ਪਾਰਲੀਮੈਂਟ ਚੁਣੇ ਗਏ ਹਨ, ਖਬਰਾਂ ਮੁਤਬਕ ਉਹ ਪੰਜ ਜੂਨ ਨੂੰ ਦਿੱਲੀ ਪਾਰਲੀਮੈਂਟ ਭਵਨ ਵਿੱਚ ਪੁੱਜ ਕੇ ਇਸ ਸਬੰਧੀ ਲੋੜੀਂਦੀ ਕਨੂੰਨੀ ਪ੍ਰਕ੍ਰਿਆ ਪੂਰੀ ਕਰਨਗੇ ਉਨ੍ਹਾਂ ਨੂੰ ਮਿਲੀ ਚਾਰ ਦਿਨ੍ਹਾਂ ਦੀ ਪੈਰੋਲ ਅਤੇ ਲੋਕ ਫਤਵੇ ਨੂੰ ਮੁਖ ਰੱਖਦਿਆਂ ਰਿਹਾਈ ਬਾਰੇ ਅਨੇਕਾਂ ਪ੍ਰਕਾਰ ਦੀਆਂ ਚਲਦੀਆਂ ਚਰਚਾਵਾਂ ਵਿੱਚ ਹਾਲ ਹੀ ਵਿੱਚ ਦਲ ਬਦਲ ਕੇ ਬੀ. ਜੇ. ਪੀ. ਵਿੱਚ ਸ਼ਾਮਲ ਹੋਏ ਮਿ: ਸੁਨੀਲ ਜਾਖੜ ਅਤੇ ਮਿ: ਰਵਨੀਤ ਬਿੱਟੂ ਨੇ ਵੀ ਬਿਆਨਬਾਜੀ ਕੀਤੀ ਹੈ ।ਮਿ: ਜਾਖੜ ਨੇ ਕਿਹਾ ਕੇ ਜੇ ਭਾਈ ਅੰਮ੍ਰਿਤਪਾਲ ਸਿੰਘ ਨੂੰ ਰਿਹਾ ਕਰਨਾ ਹੈ ਤਾਂ ਲਾਰੈਂਸ ਬਿਸ਼ਨੋਈ ਨੂੰ ਵੀ ਰਿਹਾ ਕਰ ਦੇਣਾਂ ਚਾਹੀਦਾ ਹੈ, ਉਨ੍ਹਾਂ ਨੂੰ ਚਾਹੀਦਾ ਹੈ ਕੇ ਆਪਣੀ ਪਾਰਟੀ ਦੇ ਉਮੀਦਵਾਰ ਵੱਜੋਂ ਉਸ ਨੂੰ ਜਿਤਾ ਕੇ ਆਪਣੀ ਇਹ ਹਸਰਤ ਵੀ ਪੂਰੀ ਕਰ ਲੈਣ ।ਦਰਅਸਲ ਮਿ: ਸੁਨੀਲ ਜਾਖੜ ਹੁਕਮਰਾਨਾ ਨੂੰ ਅਹਿਸਾਸ ਕਰਵਾਉਣਾਂ ਚਹੁੰਦੇ ਹਨ ਕੇ ਸਿੱਖ ਕੌਮ ਬਾਰੇ ਉਹ ਆਪਣੇ ਪਿਤਾ ਵਰਗੀ ਹੀ ਸੋਚ ਰੱਖਦੇ ਹਨ। ਵੈਸੇ ਜੇ ਹੁਕਮਰਾਨ ਚਹੁੰਣ ਤਾਂ ਹਾਰੇ ਹੋਏ ਵਿਅਕਤੀ ਮਿ: ਰਵਨੀਤ ਬਿੱਟੂ ਨੂੰ ਵੀ ਮੰਤਰੀ ਬਣਾ ਲੈਂਦੇ ਹਨ ।ਮਿ: ਰਵਨੀਤ ਬਿੱਟੂ ਇਸ ਕ੍ਰਿਪਾ ਦ੍ਰਿਸ਼ਟੀ ਕਾਰਨ ਭਾਈ ਅੰਮ੍ਰਿਤਪਾਲ ਸਿੰਘ ਨੂੰ ਡਿਬਰੂਗੜ੍ਹ ਤੋਂ ਵੀ ਕਿਤੇ ਅੱਗੇ ਬੰਦ ਕਰਨ ਦੀ ਬਿਆਨਬਾਜੀ ਕਰਕੇ ਹੁਕਮਰਾਨਾ ਨੂੰ ਦੱਸਣਾਂ ਚਹੁੰਦੇ ਹਨ ਕੇ ਉਹ ਆਪਣੇ ਦਾਦੇ ਦੇ ਨਕਸ਼-ਏ-ਕਦਮਾਂ 'ਤੇ ਚੱਲਣ ਲਈ ਤਿਆਰ ਹਨ ।ਮੁੱਖ ਸੇਵਾਦਾਰ ਸਰਬਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਸਮਰਾ, ਜਨਰਲ ਸਕੱਤਰ ਸਤਿੰਦਰ ਸਿੰਘ ਮੰਗੂਵਾਲ, ਯੂਥ ਵਿੰਗ ਪ੍ਰਧਾਨ ਵਰਿੰਦਰ ਸਿੰਘ ਖਹਿਰਾ ਵੱਲੋਂ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਬਿਆਨ ਜਾਰੀ ਕਰਦੇ ਹੋਏ ਅੱਗੇ ਕਿਹਾ ਕੇ ਮੀਡੀਆ ਰਿਪੋਰਟਾਂ ਮੁਤਾਬਕ ਭਾਰਤੀ ਪਾਰਲੀਮੈਂਟ ਦੀ ਚਾਲੀ ਪ੍ਰਤੀਸ਼ਤ ਮੈਂਬਰਾਂ 'ਤੇ ਅਪਰਾਧਕ ਕੇਸ ਹਨ ਜਿਨ੍ਹਾਂ ਵਿੱਚੋਂ ਪੰਝੀ ਪ੍ਰਤੀਸ਼ਤ ਉੱਪਰ ਕਥਿਤ ਤੌਰ 'ਤੇ ਗੰਭੀਰ ਅਪਰਾਧਕ ਕੇਸ ਹਨ ।ਸਿੱਖ ਕੌਮ ਸਮੇਤ ਸਮੂਹ ਘੱਟ ਗਿਣਤੀ ਕੌਮਾਂ ਅਤੇ ਦਲਿਤ ਭਾਈਚਾਰੇ ਨੂੰ ਦੂਜੇ ਦਰਜੇ ਦੇ ਸ਼ਹਿਰੀ ਮੰਨ ਕੇ ਚੱਲਦੇ ਹੋਏ ਹਮੇਸ਼ਾ ਨਿਸ਼ਾਨਾ ਬਣਾਉਣ ਵਾਲੇ ਇਹ ਆਗੂ ਜੇ ਸੱਚ ਮੁੱਚ ਇੰਨੇ ਨਿਆਂ ਪਸੰਦ ਅਤੇ ਸੰਵਿਧਾਨ ਦੇ ਰਾਖੇ ਹਨ ਤਾਂ ਪੂਰੇ ਦੇਸ਼ ਵਿੱਚੋਂ ਐਸੇ ਅਪਰਾਧਕ ਰਿਕਾਰਡ ਵਾਲਿਆਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਹਟਾ ਕੇ ਭਵਿੱਖ ਲਈ ਅਯੋਗ ਕਰਾਰ ਦੇਣ।



## ਮੋਦੀ ਸਰਕਾਰ ਦੀ ਤਾਨਾਸ਼ਾਹੀ ਕੇਜਰੀਵਾਲ ਨੂੰ ਨਹੀਂ ਕਰ ਸਕਦੀ ਕਮਜ਼ੋਰ : ਸਿੱਧੂ



ਧੂਰੀ ( ਰਣਜੀਤ ਸਿੰਘ ਪੇਧਨੀ ) ਕੇਂਦਰ ਦੀ ਮੋਦੀ ਸਰਕਾਰ ਨੂੰ ਆਪਣਾ ਤਾਨਾਸ਼ਾਹੀ ਰਵੱਈਆ ਤਿਆਗ ਦੇਣਾ ਚਾਹੀਦਾ ਹੈ। 2024 ਵਿੱਚ ਮੋਦੀ ਸਰਕਾਰ ਦਾ ਗ੍ਰਾਫ ਜਿਸ ਤਰ੍ਹਾਂ ਹੇਠਾਂ ਗਿਆ ਹੈ, ਭਾਜਪਾ ਨੂੰ ਉਸ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਵਿਰੋਧੀ ਪਾਰਟੀਆਂ ਨੂੰ ਤੰਗ-ਪ੍ਰੇਸਾਨ ਕਰਨਾ ਬੰਦ ਕਰ ਦੇਣਾ ਚਾਹੀਦਾ ਹੈ। ਭਾਜਪਾ ਦੀ ਮੋਦੀ ਸਰਕਾਰ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਕਦੇ ਈਡੀ ਰਾਹੀਂ ਅਤੇ ਕਦੇ ਸੀਬੀਆਈ ਰਾਹੀਂ ਝੂਠੇ ਕੇਸਾਂ ਵਿੱਚ ਫਸਾ ਕੇ ਆਮ ਆਦਮੀ ਪਾਰਟੀ ਨੂੰ ਕਮਜ਼ੋਰ ਨਹੀਂ ਕਰ ਸਕਦੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪ੍ਰੋਫੈਸਰ ਓਂਕਾਰ ਸਿੰਘ ਸਿੱਧੂ ਓਐਸਡੀ ਸ, ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਨੇ ਕੀਤਾ। ਉਨ੍ਹਾਂ ਕਿਹਾ ਕਿ ਪਿਛਲੇ ਡੇਢ ਸਾਲ ਤੋਂ ਭਾਜਪਾ ਦੀ ਕੇਂਦਰ ਸਰਕਾਰ ਵੱਲੋਂ 'ਆਪ' ਆਗੂਆਂ ਨੂੰ ਝੂਠੇ ਕੇਸਾਂ ਵਿੱਚ ਵਸਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਰ ਇੱਕ ਦਿਨ ਸੱਚਾਈ ਦੀ ਜਿੱਤ ਹੋਵੇਗੀ ਅਤੇ ਪਾਰਟੀ ਦੇ ਸਾਰੇ ਆਗੂ ਬੇਕਸੂਰ ਸਾਬਤ ਹੋਣਗੇ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਨੂੰ ਮਾਣਯੋਗ ਅਦਾਲਤ ਵੱਲੋਂ ਜ਼ਮਾਨਤ ਮਿਲਣ ਦੀ ਸੰਭਾਵਨਾ ਤੋਂ ਬਾਅਦ ਹੁਣ ਸੀ.ਬੀ.ਆਈ. ਨੂੰ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ। ਇਸ ਮੌਕੇ ਉਹਨਾਂ ਦੇ ਨਾਲ ਆਪ ਆਗੂ ਰਣਜੋਧ ਸਿੰਘ ਪ੍ਰਮੁੱਖ ਉਮੀਦਵਾਰ ਜਿਲ੍ਹਾ ਪ੍ਰੀਸ਼ਦ ਜੋਨ ਬੇਨੜਾ, ਮਨਜੀਤ ਸਿੰਘ ਲੱਡਾ, ਨਪਿੰਦਰ ਸਿੰਘ ਕਾਂਝਲਾ, ਜੀਤਪਾਲ ਸਿੰਘ ਕਾਂਝਲਾ ਹਾਜ਼ਰ ਸਨ।

## ਹਾਥਰਸ ਭਾਜੜ ਮਾਮਲਾ : 6 ਲੋਕ ਗ੍ਰਿਫ਼ਤਾਰ, ਮੁੱਖ ਦੋਸ਼ੀ ਸੇਵਾਦਾਰ 'ਤੇ ਇਕ ਲੱਖ ਦੇ ਇਨਾਮ ਦਾ ਐਲਾਨ

ਹਾਥਰਸ, 4 ਜੁਲਾਈ (ਆਵਾਜ਼ਿ ਕੌਮ ਬਿਊਰੋ)-ਉੱਤਰ ਪ੍ਰਦੇਸ਼ ਦੇ ਹਾਥਰਸ ਭਾਜੜ ਕਾਂਡ ਦੇ ਸਿਲਸਿਲੇ ਵਿਚ ਹੁਣ ਤੱਕ 6 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਸ ਨੇ ਮਾਮਲੇ ਦੇ ਮੁੱਖ ਦੋਸ਼ੀ ਅਤੇ ਸੇਵਾਦਾਰ 'ਤੇ ਇਕ ਲੱਖ ਰੁਪਏ ਦੇ ਇਨਾਮ ਦਾ ਐਲਾਨ ਕੀਤਾ ਹੈ। ਅਲੀਗੜ੍ਹ ਡਵੀਜ਼ਨ ਦੇ ਪੁਲਸ ਇੰਸਪੈਕਟਰ ਜਨਰਲ ਸ਼ਲਭ ਮਾਥੁਰ ਨੇ ਇੱਥੇ ਪ੍ਰੈਸ ਕਾਨਫਰੰਸ 'ਚ ਦੱਸਿਆ ਕਿ ਪਿਛਲੇ ਮੰਗਲਵਾਰ ਨੂੰ ਹਾਥਰਸ ਦੇ ਸਿਕੰਦਰਾ ਰਾਓ ਖੇਤਰ ਸਤਿਸੰਗ ਫੁਲਰਈ ਪਿੰਡ ਵਿਚ ਆਯੋਜਿਤ ਹਰੀਨਾਰਾਇਣ ਸਾਕਾਰ ਵਿਸ਼ਵਹਰੀ ਉਰਫ਼ ਭੋਲੇ ਬਾਬਾ ਦੇ ਸਤਿਸੰਗ ਦੌਰਾਨ ਮਚੀ ਭਾਜੜ 'ਚ 121 ਲੋਕਾਂ ਦੀ ਮੌਤ ਦੇ ਮਾਮਲੇ ਵਿਚ ਹੁਣ ਤੱਕ ਦੋ ਮਹਿਲਾ ਸੇਵਕਾਂ ਸਮੇਤ 6 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮਾਮਲੇ ਦੇ ਮੁੱਖ ਦੋਸ਼ੀ ਅਤੇ ਮੁੱਖ ਸੇਵਾਦਾਰ ਦੇਵ ਪ੍ਰਕਾਸ਼ ਮਧੂਕਰ 'ਤੇ 1 ਲੱਖ ਰੁਪਏ ਦੇ ਇਨਾਮ ਦਾ ਐਲਾਨ ਕੀਤਾ ਗਿਆ ਹੈ। ਜਲਦ ਹੀ ਉਸ ਖਿਲਾਫ ਗੈਰ-ਜ਼ਮਾਨਤੀ ਵਾਰੰਟ ਵੀ ਜਾਰੀ ਕੀਤਾ ਜਾਵੇਗਾ। ਪੁਲਸ ਦੇ ਇੰਸਪੈਕਟਰ ਜਨਰਲ ਨੇ ਕਿਹਾ ਕਿ ਇਸ ਗੱਲ ਦੀ ਵੀ ਜਾਂਚ ਕੀਤੀ ਜਾਵੇਗੀ ਕਿ ਕੀ ਕਿਸੇ ਵਿਅਕਤੀ ਜਾਂ ਸੰਸਥਾ ਵਲੋਂ ਕੋਈ ਅਪਰਾਧਿਕ ਸਾਜ਼ਿਸ਼ ਤਾਂ ਨਹੀਂ ਰਚੀ ਗਈ ਸੀ। ਭੋਲੇ ਬਾਬਾ ਤੋਂ ਪੁੱਛਗਿੱਛ ਜਾਂ ਉਸ ਦੀ ਗ੍ਰਿਫਤਾਰ ਦੀ ਸੰਭਾਵਨਾ ਬਾਰੇ ਪੁੱਛੇ ਜਾਣ 'ਤੇ ਮਾਥੁਰ ਨੇ ਕਿਹਾ ਕਿ ਅੱਗੇ ਕਿਸੇ ਦੀ ਗ੍ਰਿਫਤਾਰ ਹੋਵੇਗੀ ਜਾਂ ਨਹੀਂ, ਇਹ ਜਾਂਚ 'ਤੇ ਨਿਰਭਰ ਕਰੇਗਾ। ਜਾਂਚ ਵਿਚ ਜੇਕਰ ਕਿਸੇ ਦੀ ਭੂਮਿਕਾ ਸਾਹਮਣੇ ਆਈ ਤਾਂ ਕਾਰਵਾਈ ਕੀਤੀ ਜਾਵੇਗੀ। ਜੇਕਰ ਲੋੜ ਪਈ ਤਾਂ ਅਸੀਂ ਜ਼ਰੂਰ ਪੁੱਛ-ਪੜਤਾਲ ਕਰਾਂਗੇ। ਉਨ੍ਹਾਂ ਕਿਹਾ ਕਿ ਗ੍ਰਿਫਤਾਰ ਕੀਤੇ ਗਏ ਲੋਕਾਂ 'ਚ ਰਾਮ ਨਰੇਤੇ, ਉਪੇਂਦਰ ਸਿੰਘ ਯਾਦਵ, ਨੇਕ ਸਿੰਘ, ਮੰਜੂ ਯਾਦਵ, ਮੁਕੇਸ਼ ਕੁਮਾਰ ਅਤੇ ਮੰਜੂ ਦੇਵੀ ਸ਼ਾਮਲ ਹਨ। ਪੁੱਛਗਿੱਛ ਦੌਰਾਨ ਇਨ੍ਹਾਂ ਵਿਅਕਤੀਆਂ ਨੇ ਦੱਸਿਆ ਕਿ ਇਹ ਸਾਰੇ ਸਤਿਸੰਗ ਪ੍ਰਬੰਧਕ ਕਮੇਟੀ ਦੇ ਮੈਂਬਰ ਹਨ। ਉਹ ਮੁੱਖ ਤੌਰ 'ਤੇ ਸੇਵਾਦਾਰ ਦੇ ਤੌਰ 'ਤੇ ਕੰਮ ਕਰਦੇ ਹਨ ਅਤੇ ਪਹਿਲਾਂ ਵੀ ਅਜਿਹੇ ਕਈ ਸਮਾਗਮ ਕਰਵਾ ਚੁੱਕੇ ਹਨ। ਉਹ ਬੈਰੀਕੇਡਜ਼ ਕਰਕੇ ਭੀੜ ਨੂੰ ਕੰਟਰੋਲ ਕਰਨ, ਪੰਡਾਲ ਦੀ ਵਿਵਸਥਾ, ਬਿਜਲੀ ਸਪਲਾਈ ਅਤੇ ਸਫਾਈ ਦੀ ਵਿਵਸਥਾ ਕਰਾਉਂਦੇ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

4 ਜੁਲਾਈ 1955 ਸਾਕੇ ਸੰਬੰਧੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਤੇ ਪ੍ਰਦਰਸ਼ਨੀ ਲਗਾਈ

# ਆਪਣੇ 'ਤੇ ਹੋਏ ਜ਼ਬਰ ਅਤੇ ਜ਼ੁਲਮਾਂ ਨੂੰ ਭੁੱਲਣ ਵਾਲੀਆਂ ਕੌਮਾਂ ਦਾ ਕੋਈ ਭਵਿੱਖ ਨਹੀ ਹੁੰਦਾ






ਅੰਮ੍ਰਿਤਸਰ, 4 ਜੁਲਾਈ (ਆਵਾਜ਼ਿ ਕੌਮ ਬਿਊਰੋ)-ਅੱਜ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ 4 ਜੁਲਾਈ 1955 ਦੇ ਸਾਕੇ ਦੇ ਨਮਿੱਤ ਅਵਾਜ਼ ਏ ਕੌਮ ਜੱਥੇਬੰਦੀ ਵਲੋ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਉਪਰੰਤ ਕੀਰਤਨ ਅਤੇ ਅਰਦਾਸ ਕੀਤੀ ਗਈ। ਇਸ ਸਮਾਗਮ ਵਿੱਚ ਵੱਖ ਵੱਖ ਜੱਥੇਬੰਦੀਆ ਦੇ ਆਗੂਆਂ ਨੇ ਹਾਜ਼ਰੀ ਲਗਵਾਈ। ਆਵਾਜ਼ ਏ ਕੌਮ ਦੇ ਪ੍ਰਧਾਨ ਮਨਜੀਤ ਸਿੰਘ, ਸ. ਨੋਬਲਜੀਤ ਸਿੰਘ ਬੁੱਲ੍ਹੋਵਾਲ, ਸ. ਹਰਜਿੰਦਰ ਸਿੰਘ ਨਿਹੰਗ ਅਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਗੱਲਬਾਤ ਕਰਦੇ ਹੋਏ ਕਿਹਾ ਕਿ 4 ਜੁਲਾਈ 1955 ਦੇ ਸਾਕੇ ਨੂੰ ਹਰ ਸਿੱਖ ਅਤੇ ਪੰਜਾਬੀ ਦੀਆਂ ਯਾਦਾਂ ਵਿੱਚ ਤਰੋ-ਤਾਜ਼ਾ ਕਰਨ ਲਈ ਇਹ ਉਪਰਾਲਾ ਕੀਤਾ ਗਿਆ ਹੈ। ਇਹ ਸਾਕਾ ਭਾਰਤੀ ਸਟੇਟ ਵੱਲੋ ਪੰਜਾਬ, ਪੰਜਾਬੀ ਅਤੇ ਸਿੱਖਾਂ ਦੀਆਂ ਹੱਕੀ ਮੰਗਾਂ ਨੂੰ ਕੁਚਲਣ ਲਈ ਕੀਤਾ ਗਿਆ ਸੀ। ਇਹ ਸਾਕਾ ਅਕਾਲੀ ਦਲ ਅਤੇ ਐਸ ਜੀ ਪੀ ਸੀ ਵਲੋ ਵੱਡੇ ਪੱਧਰ 'ਤੇ ਮਨਾਇਆ ਜਾਣਾ ਚਾਹੀਦਾ ਸੀ ਪਰ ਜਿਸ ਤਰ੍ਹਾਂ ਇਨ੍ਹਾਂ ਸਿੱਖ ਸੰਸਥਾਵਾਂ ਦੇ ਆਗੂ ਲੀਹੋ ਲੱਥੇ ਹਨ, ਇਨ੍ਹਾਂ ਪੰਜਾਬ ਅਤੇ ਪੰਥ ਦੇ ਮੁੱਦਿਆਂ 'ਤੇ ਸੰਘਰਸ਼ ਕਰਨਾ ਵੀ ਛੱਡ ਦਿੱਤਾ ਹੈ। ਜਿਹੜੀ ਕੌਮ ਆਪਣੇ ਉੱਪਰ ਹੋਏ ਜ਼ੁਲਮ ਅਤੇ ਧੱਕੇ ਭੁੱਲ ਜਾਂਦੀ ਹੈ ਉਸ ਕੌਮ ਦਾ ਭਵਿੱਖ ਵੀ ਖਤਮ ਹੋ ਜਾਂਦਾ ਹੈ। ਸਮਾਗਮ ਉਪਰੰਤ ਜੱਥੇਬੰਦੀ ਵੱਲੋ ਇੱਕ ਪ੍ਰਦਰਸ਼ਨੀ ਲਗਾਈ ਗਈ ਜਿਸ ਵਿੱਚ ਉਸ ਸਮੇ ਹੋਏ ਜ਼ਬਰ ਅਤੇ ਜ਼ੁਲਮ ਦੀਆਂ ਮੂੰਹ ਬੋਲਦੀਆਂ ਤਸਵੀਰਾਂ ਲਗਾਈਆਂ ਗਈਆ। ਇਨ੍ਹਾ ਤਸਵੀਰਾਂ ਨੂੰ ਸੰਗਤ ਨੇ ਬਹੁਤ ਧਿਆਨ ਨਾਲ ਦੇਖਿਆ ਅਤੇ ਪੜ੍ਹਿਆ। ਇਹ ਤਸਵੀਰਾਂ ਦਰਬਾਰ ਸਾਹਿਬ, ਗੁ ਮੰਜੀ ਸਾਹਿਬ 'ਤੇ ਪੁਲਿਸ ਦਾ ਕਬਜ਼ਾ ਅਤੇ ਉਨ੍ਹਾਂ ਗੋਲਿਆਂ ਦੀਆਂ ਸਨ ਜਿਹੜੇ ਉਸ ਸਮੇ ਸੰਗਤ 'ਤੇ ਸੁੱਟੇ ਗਏ ਸਨ। ਇਸ ਸਮੇ ਕੌਮੀ ਇਨਸਾਫ ਮੋਰਚੇ ਤੋ ਭਾਈ ਪਾਲ ਸਿੰਘ ਫਰਾਂਸ, ਜੱਥਾ ਦਮਦਮੀ ਟਕਸਾਲ ਵਲੋਂ ਗਿਆਨੀ ਤੇਜਵੀਰ ਸਿੰਘ ਜੀ, ਬਲਦੇਵ ਸਿੰਘ ਗੱਤਕਾ ਮਾਸਟਰ, ਜਤਿੰਦਰਪਾਲ ਸਿੰਘ ਮਝੈਲ, ਕੰਵਲਚਰਨਜੀਤ ਸਿੰਘ ਟੈਣੀ , ਜੁਗਰਾਜ ਸਿੰਘ ਯੁਨਾਇਟੇਡ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਅਵਾਜ਼ ਏ ਕੌਮ ਤੋ ਨੋਬਲਜੀਤ ਸਿੰਘ, ਹਰਜਿੰਦਰ ਸਿੰਘ, ਰਣਵੀਰ ਸਿੰਘ, ਗੁਰਦੀਪ ਸਿੰਘ ਗੜ੍ਹਦੀਵਾਲ, ਬਾਬਾ ਕੇਵਲ ਸਿੰਘ, ਕਰਨੈਲ ਸਿੰਘ ਘੋੜੇਵਾਹਾ ਅਤੇ ਸ਼ਰਨਜੀਤ ਸਿੰਘ ਚੌਲਾਂਗ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਪਾਣੀ ਹੈ ਜੀਵਨ ਦਾ ਅਨਮੋਲ ਰਤਨ ਇਸ ਨੂੰ ਬਚਾਉਣ ਦਾ ਕਰੋ ਯਤਨ ।
ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥
ਦਰਿਆਵਾਂ ਵਿੱਚ ਸੁੱਟੇ ਜ਼ਹਿਰਲੇ ਪਾਣੀ ਨੂੰ ਰੋਕਣ ਸਬੰਧੀ 8 ਜੁਲਾਈ ਨੂੰ 1 ਵਜੇ ਨਰੋਆ ਪੰਜਾਬ ਮੰਚ ਵੱਲੋ ਅਹਿਮ ਮੀਟਿੰਗ ਬਾਬਾ ਵਿਸ਼ਵਕਰਮਾ ਗੁਰਦੁਆਰਾ ਸਾਹਿਬ (ਨੇੜੇ ਕੰਮੇਆਣਾ ਚੌਕ ) ਫਰੀਦਕੋਟ ਵਿਖੇ ਕੀਤੀ ਜਾ ਰਹੀ ਹੈ !
ਸੋ ਆਓ ਆਪਣਾ ਅਤੇ ਆਪਣੇ ਬੱਚਿਆਂ ਦੇ ਤੰਦਰੁਸਤ ਭਵਿੱਖ ਲਈ ਪਾਰਟੀ ਬਾਜ਼ੀ / ਧੜੇਬੰਦੀ ਤੋਂ ਉੱਪਰ ਉੱਠਕੇ ਇਕੱਠੇ ਹੋਈਏ। ਸਰਕਾਰਾਂ ਨੂੰ ਇਹ ਜ਼ਹਿਰ ਰੋਕਣ ਲਈ ਮਜਬੂਰ ਕਰੀਏ ।









ਸੋ ਆਓ ਇਕੱਠੇ ਹੋ ਕੇ ਹੰਭਲਾ ਮਾਰੀਏ , ਸਮੂਹ ਰਾਜਨੀਤਿਕ ਪਾਰਟੀਆਂ ,
ਕਿਸਾਨ ,ਮਜ਼ਦੂਰ ,ਮੁਲਾਜ਼ਮ,ਵਪਾਰਕ,ਸਮਾਜਿਕ ,ਧਾਰਮਿਕ,ਬੁੱਧੀਜੀਵੀ,ਸਾਹਿਤਿਕ ,
ਵਾਤਾਵਰਨ ਪ੍ਰੇਮੀ ਜੱਥੇਬੰਦੀਆ ਨੂੰ ਨਿਮਰਤਾ ਬੇਨਤੀ ਹੈ ਸਮੇਂ ਸਿਰ ਮੀਟਿੰਗ ਸ਼ਾਮਲ ਹੋਣ ਦੀ ਕਿਰਪਾਲਤਾ ਕਰਨੀ ਜੀ। ਅਗਲੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਸਾਂਝੀ ਕਰ ਸਕੀਏ।
ਕਾਲੇ ਪਾਣੀ ਦਾ ਮੋਰਚਾ | ਵਿਸ਼ੇਸ਼ ਤੌਰ ਤੇ ਪਹੁੰਚ ਰਹੇ ਆਗੂ | ਕਾਲੇ ਪਾਣੀ ਦਾ ਮੋਰਚਾ
ਲੱਖਾ ਸਿੰਘ ਸਿਧਾਣਾ, ਅਮਤੋਜ ਮਾਨ , ਜਸਕੀਰਤ ਸਿੰਘ ਕੈਮੀਕਲ ਇੰਜੀਨੀਅਰ , ਲੁਧਿਆਣਾ (ਕੋਆਰਡੀਨੇਟਰ ਨਰੋਆ ਪੰਜਾਬ ਮੰਚ) ਦਲੇਰ ਸਿੰਘ ਡੋਡ , ਕੰਵਲਜੀਤ ਸਿੰਘ ਬਰਾੜ ਖੋਟੇ, ਮਹਿੰਦਰਪਾਲ ਲੂੰਬਾ (ਮੋਗਾ )ਆਦਿ ।
ਬੇਨਤੀ ਕਰਤਾ ਗੁਰਪ੍ਰੀਤ ਸਿੰਘ ਚੰਦ ਬਾਜਾ ਭਾਈ ਮੱਘਰ ਸਿੰਘ ਫਰੀਦਕੋਟ

# ਜੇਲ ਜਲਾਵਤਨੀ ਤੇ ਹਸਪਤਾਲ... !
# ਬਸ ਇਕ ਹੀ ਸੁਪਨਾ ਅਜ਼ਾਦ ਦੇਸ.. !













**ਮੇਰਾ ਕੋਈ ਦੇਸ ਨਹੀਂ ਯਾਰੋ,**
**ਮੇਰਾ ਕੋਈ ਘਰ ਨਹੀਂ ਯਾਰੋ**
**ਮੈਂ ਬੇ-ਘਰ ਹਾਂ, ਮੈਂ ਬੇ-ਥਾਂ ਹਾਂ**
**ਅਗਰ ਕੁਝ ਹਾਂ, ਤੇ ਬਸ ਇਹ ਹਾਂ**
**ਮੈਂ ਡੁੱਲ੍ਹੇ ਲਹੂ ਦਾ ਧੁੰਦਲਾ ਨਿਸ਼ਾਂ ਹਾਂ।**

ਇਹ ਲਿਖਤ ਹਸਪਤਾਲ ਵਿੱਚ ਜ਼ਿੰਦਗੀ ਦੀ ਲੜਾਈ ਲੜ ਰਹੇ ਦਲ ਖਾਲਸਾ ਦੇ ਬਾਨੀ ਹਾਈਜੈਕਰ ਭਾਈ ਗਜਿੰਦਰ ਸਿੰਘ ਜੀ ਦੀਆਂ, 43 ਸਾਲ ਤੋਂ ਵੱਧ ਸਮਾਂ ਜੇਲ ਤੇ ਜਲਾਵਤਨੀ ਵਿੱਚ ਕੱਟ ਅੱਜ ਵੀ ਬਸ ਇਕ ਹੀ ਸੁਪਨਾ, ਸੰਘਰਸ ਬਸ ਕੌਮ ਸਿਰ ਤਾਜ ਦਾ ਮੁੜ ਗਵਾਚੇ ਰਾਜ ਨੂੰ ਵੇਖਣ ਦੀ ਚਾਹਤ..।

ਇਨ੍ਹਾਂ ਬੋਲਾਂ ਨੂੰ ਉਹੀ ਸਮਝ ਸਕਦਾ ਜਿਹੜੇ ਆਪਣੇ ਅਜ਼ਾਦ ਘਰ ਖਾਲਿਸਤਾਨ ਲਈ ਜਦੋ ਜਹਿਦ ਕਰ ਰਹੇ ਹਨ ਜਾਂ ਸੰਘਰਸ਼ ਦਾ ਹਿੱਸਾ ਰਹੇ ਉਹ ਪਰਿਵਾਰ ਜਿਨਾਂ ਦੇ ਨੌਜਵਾਨ ਬੱਚੇ ਬੱਚੀਆਂ, ਬੁਜ਼ਰਗ ਮਾਤਾ ਪਿਤਾ ਸਰਕਾਰਾਂ ਦੀ ਬੇਰੁਖ਼ੀ ਤੇ ਅਤਿ ਦੇ ਜ਼ੁਲਮ ਦਾ ਸ਼ਿਕਾਰ ਹੋ ਗਏ ਜਾਂ ਤਾਂ ਭਾਰਤ ਤੇ ਵਿਦੇਸ਼ਾਂ ਦੀਆਂ ਜੇਲ੍ਹਾਂ ਵਿੱਚ ਬੰਦ ਹਨ ਜਾਂ ਫੇਰ ਪੰਜਾਬ ਤੋਂ ਦੂਰ ਅਜ਼ਾਦੀ ਦਾ ਸੁਪਨਾ ਲੈ ਜਲਾਵਤਨੀ ਦੀ ਜ਼ਿੰਦਗੀ ਜੀਅ ਰਹੇ ਹਨ ਤੇ ਉਨ੍ਹਾਂ ਦਾ ਇਕ ਹੀ ਸੁਪਨਾ ਹੈ ਅਜ਼ਾਦੀ .!

ਕੋਮ ਦੀ ਅਜ਼ਾਦੀ , ਬਸ ਅਜ਼ਾਦੀ
ਸਵੈ ਮਾਣ ਨਾਲ ਜਿਉਣ ਦੀ ਅਜ਼ਾਦੀ
ਉਨ੍ਹਾਂ ਦੇ ਨਾਮ .!

ਸਰਕਾਰਾਂ ਅੱਗੇ ਝੁਕੇ ਨਾ ਜੋ,
ਉਹ ਪਰਵਾਨੇ ਅਖਵਾਏ ਨੇ
ਪਰਵਾਨੇ ਆਉਂਦੇ ਰਹੇ,
ਪਰਵਾਨੇ ਜਾਂਦੇ ਰਹਿਣਗੇ।

ਖਾਲਿਸਤਾਨ ਬਣਨਾ ਹੈ ਇੱਕ ਦਿਨ
ਮੈਂ ਨਾ ਵੇਖਿਆ ਕੀ ਹੋਵੇਗਾ
ਮੇਰੇ ਬੱਚੇ ਤਾਂ ਅਜਾਦੀ ਦੇ
ਸੂਰਜ ਦਾ ਨਿੱਘ ਮਾਣਨਗੇ।

ਸਰਬਜੀਤ ਜੀ
ਗਰੀਨ ਸਰਕਲ ਬਣਾ
ਕਮਾਲ ਕਰ ਦਿੱਤੀ।
ਬੂਟਿਆਂ ਦਾ ਲੰਗਰ ਲਾ
ਹਰ ਪਾਸੇ ਛਾਂ ਕਰ ਦਿੱਤੀ।

ਨਨਕਾਣੇ ਵਿੱਚ ਬਾਬੇ ਦੀ ਅਪਾਰ
ਕਿਰਪਾ ਹੋਈ ਐ, ਬਸ ਹੁਣ
MK dispensary ਵਿੱਚ ਹੀ
ਗਰੀਬ ਦਾ ਮੁਫ਼ਤ ਇਲਾਜ ਹੋਇਆ ਐ।

ਬਨੂੜ ਜੀ ਖਿੱਚੋ ਤਸਵੀਰ ਇਕ ਮੇਰੀ
ਮੈਂ ਵੀ ਤਾ ਇਕ ਦਿਨ ਇਥੇ ਆਉਣਾ ਹੈ
ਖੂਬਸੂਰਤ ਬਣਾ ਦੇਵੋ ਇਸ ਨੂੰ
ਪਰਵਾਨਿਆਂ ਨੇ ਜੈਕਾਰਿਆਂ ਨਾਲ
ਉਸ ਦਿਨ ਵਿਦਾ ਜੋ ਕਰਨਾ ਹੈ
ਸ਼ਹੀਦਾਂ ਨੇ ਆ, ਮੈਨੂੰ ਜੀ ਆਇਆ ਜੋ ਕਹਿਣਾ ਹੈ

ਆਵਾਜ਼ਿ ਕੌਮ AWAZE QAUM International Newspaper & WEB TV